# ਅੰਮ੍ਰਿਤ ਕੀਰਤਨ

ਅੰਕ 11 ਸਾਲ ਚੌਥਾ ਨਵੰਬਰ 1992




ਆਨਰੇਰੀ ਸੰਪਾਦਕ ਡਾ, ਜਾਗੀਰ ਸਿੰਘ

# ਮੰਘਿਰਿ ਪ੍ਰਭੁ ਆਰਾਧਣਾ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਗਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

ਬਾਰਹ ਮਾਹਾ ਮਾਂਝ ਮਹਲਾ 5, ਪੰਨਾ 135

# ਅੰਮ੍ਰਿਤ ਕੀਰਤਨ

ਅੰਕ 11 ਸਾਲ ਚੌਥਾ ਨਵੰਬਰ 1992

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਕੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜ਼ੀਵਨ ਮੈਂਬਰ 5000 ਰੁਪਏ

## ਵਿਸ਼ਾ ਪੰਨਾ

1 ਅੰਮ੍ਰਿਤ ਕੀਰਤਨ ਬਾਰੇ .....
ਸਰੋਤਿਆਂ ਦੀ ਰਾਏ 2

2 ਸੁਰ ਲਿਪੀ ਤੇ ਸ਼ਬਦ
ਸ. ਉਤਮ ਸਿੰਘ 3

3. ਆਸਾ ਦੀ ਵਾਰ ਦਾ ਲੜੀ ਵਾਰ ਵਿਚਾਰ
ਪ੍ਰੇਮ ਸਿੰਘ ਪ੍ਰੇਮ 6

4. ਗੁਰ ਸ਼ਬਦ ਗਾਇਕੀ ਵਿੱਚ ਰਬਾਬੀ-ਬ੍ਰਾਦਰੀ
ਦਾ ਸਹਿਯੋਗ ਅਤੇ ਕਿਰਦਾਰ
ਟੀ.ਸੀ ਨਾਗਪਾਲ 9

5. ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ
ਦਾ ਸਬੰਧ ਡਾ. ਜਗੀਰ ਸਿੰਘ 13

6. ਗੁਰੂ ਨਾਨਕ ਦੇਵ ਜੀ ਅਤੇ ਸੰਗੀਤ
ਓਸ਼ੋ (ਰਜਨੀਸ਼) 18

7. PSALM OF PEACE
(Sukhmani Sahib) 25

8 The Glorious Path
Dr. Bishan Swaroop Aggarwal 32

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਅੰਮ੍ਰਿਤ ਕੀਰਤਨ ਬਾਰੇ........................

※ ਆਪ ਜੀ ਵੱਲੋਂ ਜਾਰੀ ਕੀਤਾ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਵਿਚ ਦਿਤੇ ਹੋਏ ਸੁਝਵਾਨਾਂ ਦੇ ਲੇਖ ਆਤਮਕ ਰੂਹਾਨੀ ਖ਼ੁਰਾਕ ਲਈ ਮੁਫ਼ੀਦ ਹੁੰਦੇ ਹਨ। ਅਜਿਹੀਆਂ ਰਚਨਾਵਾਂ ਦੀ ਆਧੁਨਿੱਕ ਯੁੱਗ ਵਿਚ ਅਤਿਅੰਤ ਆਵਸ਼ਕਤਾ ਹੈ। ਮਨੁੱਖ ਆਪਣੀਆਂ ਸੰਸਾਰਕ ਖੁਸ਼ੀਆਂ ਵਿਚ ਲਿਪਤ, ਗੁਰਬਾਣੀ ਅਤੇ ਕੀਰਤਨ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ।

ਇਸ ਪਰਚੇ ਰਾਹੀਂ ਮਾਨਵਤਾ ਦੇ ਹਿਰਦੇ ਨੂੰ ਜਿੱਥੇ ਸੇਧ ਮਿਲੇਗੀ ਉੱਥੇ ਉਨ੍ਹਾਂ ਦੇ ਦਿਲਾਂ ਨੂੰ ਅੰਤ੍ਰੀਵ ਸ਼ਾਤੀ ਦੀ ਪ੍ਰਾਪਤੀ ਵੀ ਹੋਵੇਗੀ। ਆਪ ਵੱਲੋਂ ਕੀਤਾ ਗਿਆ ਇਹ ਉਪਰਾਲਾ ਸ਼ਲਾਘਾ ਯੋਗ ਹੈ। ਸ਼ਾਲਾ ਪਰਚੇ ਦੀ ਉਮਰ ਦਰਾਜ਼ ਹੋਵੇ। ਇਹੋ ਸਾਡੀ ਆਰਜ਼ੂ ਤੇ ਇਹੋ ਹੀ ਅਰਦਾਸ ਹੈ।

ਸਾਹਿਬ ਸਿੰਘ ਅਰਸ਼ੀ

—0—0—0—

※ ਕੋਈ ਪੰਜ ਮਹੀਨਿਆਂ ਤੋਂ ਮੈਂ ਮਾਸਕ 'ਅੰਮ੍ਰਿਤ ਕੀਰਤਨ' ਪੜ੍ਹ ਰਿਹਾ ਹਾਂ ਇਸ ਵਿਚ ਖੋਜ ਭਰਪੂਰ ਲੇਖ ਹੁੰਦੇ ਹਨ ਜੋ ਇਹ ਬਹੁਤ ਹੀ ਅਨੰਦ ਮਈ ਹੁੰਦੇ ਹਨ। ਮੈਂ ਹਰ ਮਹੀਨੇ ਬੜੀ ਬੇਸਬਰੀ ਨਾਲ ਅੰਮ੍ਰਿਤ ਕੀਰਤਨ ਦਾ ਇੰਤਜਾਰ ਕਰਦਾ ਹਾਂ। 'ਅੰਮ੍ਰਿਤ ਕੀਰਤਨ' ਕੀਰਤਨ ਪ੍ਰੇਮੀਆਂ ਨੂੰ ਸਹੀ ਮਾਰਗ ਦਰਸਾਉਂਦਾ ਹੈ। ਦਰਅਸਲ ਪੰਜਾਬੀ ਵਿਚ ਕੋਈ ਵੀ ਐਸੀ ਪਤ੍ਰਿਕਾ ਨਹੀਂ ਸੀ ਜੋ ਸੰਗੀਤ ਅਤੇ ਗੁਰਬਾਣੀ ਸੰਗੀਤ ਦੀ ਲੋਕਾ ਨੂੰ ਭਰਪੂਰ ਜਾਣਕਾਰੀ ਦੇਵੇ। ਆਪ ਜੀ ਦੀ ਇਸ ਪਤ੍ਰਿਕਾ ਨੇ ਇਸ ਘਾਟ ਨੂੰ ਪੂਰਾ ਕੀਤਾ ਹੈ। ਅਸੀਂ ਆਪ ਜੀ ਦੇ ਬੜੇ ਧੰਨਵਾਦੀ ਹਾਂ।

ਦਲਜੀਤ ਸਿੰਘ ਪ੍ਰੇਮੀ ਸਾਂਘਣ

# ਰਾਗੁ ਸਾਰੰਗ

ਸ. ਉਤਮ ਸਿੰਘ

ਆਰੋਹ ਨੀ ਸ ਰੇ ਮ ਪ ਨੀ ਸਂ
ਅਵਰੋਹ ਸ ਨ਼ੀ ਪ ਮ ਰੇ ਸ
ਜਾਤੀ ਔੜਵ ਔੜਵ ਠਾਠ ਕਾਫੀ ਸਮਾਂ : ਦਿਨ ਦਾ ਦੂਸਰਾ ਪਹਿਰ
ਵਾਦੀ ਰ ਸੰਵਾਦੀ ਪ
ਪਕੜ ਰ ਮ ਪ, ਨ਼ੀ ਮ ਪ, ਨੀ ਸਂ, ਨ਼ੀ ਪ, ਮ ਪ, ਮ ਰੇ ਸ

# ਰਾਗੁ ਸਾਰੰਗ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਨ. | ਸ | ਰ | ਮ | ਪਨ਼ | ਪਮ | ਰ | ਸ |
| | | | | | | | | ਮ | ਨ | ਕ | ਰ | ਕs | ਬs | ਹੂੰ | ਨ |
| ਰ | ਰ | ਨ. | ਨ. | ਸ | — | ਸ | — | ਰ | ਰ | ਮ | ਮ | ਪ | — | ਪ | ਪ |
| ਹ | ਰਿ | ਗੁ | ਨ | ਗਾ | s | ਇਓਂ | s | ਬਿ | ਖਿ | ਆ | s | ਸ | ਕ | ਤਿ | ਰਹਿ |
| ਮ | ਪ | ਨ | ਸਂ | ਪ | ਨ਼ | ਪ | — | ਨ | ਸਂ | ਨ਼ | ਪ | ਰ | ਮ | ਪ | — |
| ਓ | s | ਨਿ | ਸਿ | ਬਾ | s | ਸ਼ | ਰ | ਕੀ | s | ਨੋ | s | ਅ | ਪ | ਨੋ | s |
| ਰਮ | ਪਨ਼ | ਪਮ | ਪਮ | ਰਮ | ਰਸ | ਨ.ਰ | ਸ | | | | | | | | |
| ਭਾs | ss | ss | ss | ss | ss | ਇਓ | ss | | | | | | | | |
| | | | | | | | | ਮ | ਮ | ਮ | ਮ | ਪ | — | ਨ | ਨ |
| | | | | | | | | ਗੁ | ਰ | ਉ | ਪ | ਦੇ | s | ਸੁ | ਸੁਣਿ |
| ਸ | ਸ | ਸਂ | — | ਨ | ਰਂ | ਸ | — | ਨ | ਸਂ | ਰਂ | ਮਂ | ਰਂ | ਸਂ | ਨ | ਸਂ |
| ਓ | s | ਨ | ਹਿ | ਕਾ | s | ਨ | ਨ | ਪ | ਰ | ਦਾ | s | ਰਾ | s | ਲ | ਪ |
| ਨ | ਸਂ | ਨਸ | ਰਂਸ | ਨ਼ਪ | — | ਪ | — | ਰ | ਰ | ਮ | ਮ | ਪ | — | ਪ | ਪ |
| ਟਾ | s | ss | ss | ਇਓ | s | s | s | ਪ | ਰ | ਨਿੰ | ਦਿ | ਆ | s | ਕਾ | s |
| ਮ | ਪ | ਨ | ਸਂ | ਪ | ਨ਼ | ਪ | — | ਨ | ਸਂ | ਨ਼ | ਪ | ਰ | ਮ | ਪ | — |
| ਰ | ਨਿ | ਬ | ਹੁ | ਧਾ | s | ਵ | ਤ | ਸ | ਮ | ਝਿ | ਓ | ਨ | ਹਿ | ਸ | ਮ |
| ਰਮ | ਪਨ਼ | ਪਮ | ਪਮ | ਰਮ | ਰਸ | ਨ਼ਰ | ਸ | | | | | | | | |
| ਝਾs | ss | ss | ss | ss | ss | ਇਓ | s | | | | | | | | |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| X | | | | 2 | | | | 0 | | | | 3 | | | |

| | | | | |
|---|---|---|---|---|
| ਤਾਲ | ਤਿੰਨਤਾਲ | ਮਾਤ੍ਰਾ | | 16 |
| ਤਾਲੀ | X | ਤਾਲੀ | 1, 5, 13, | ਉੱਤੇ |
| ਖਾਲੀ | 0 | ਖਾਲੀ | 9 | ਉੱਤੇ |

## ਸਾਰੰਗ ਮਹਲਾ ੯ (1231-32)

ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥
ਬਿਖਿਆ ਸਕਤਿ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥
ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥
ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥
ਕਹਾ ਕਹਉ ਮੈ ਅਪਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭਿ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥2॥4॥

**ਅਰਥ :—** ਹੇ ਪ੍ਰਭੂ ! ਮੈਂ ਮਨ ਲਾ ਕੇ ਕਦੇ ਭੀ ਤੇਰੇ ਗੁਣ ਨਹੀਂ ਗਾਂਦਾ ਰਿਹਾ। ਮੈਂ ਦਿਨ ਰਾਤ ਮਾਇਆ ਵਿਚ ਹੀ ਮਗਨ ਰਿਹਾ, ਉਹੀ ਕੁਝ ਕਰਦਾ ਰਿਹਾ ਜੋ ਮੈਨੂੰ ਆਪ ਚੰਗਾ ਲਗਦਾ ਸੀ ॥੧॥ਰਹਾਓ॥

ਹੇ ਹਰੀ ! ਮੈਂ ਕੰਨਾ ਨਾਲ ਗੁਰੂ ਦੀ ਸਿੱਖਿਆ (ਕਦੇ) ਨਾਹ ਸੁਣੀ. ਪਰਾਈ ਇਸਤ੍ਰੀ ਵਾਸਤੇ ਕਾਮਵਾਸਨਾ ਰੱਖਦਾ ਰਿਹਾ। ਦੂਜਿਆਂ ਦੀ ਨਿੰਦਾ ਕਰਨ ਵਾਸਤੇ ਬਹੁਤ ਦੌੜ ਭੱਜ ਕਰਦਾ ਰਿਹਾ। ਸਮਝਾਇਆ ਭੀ ਮੈਂ (ਕਦੇ) ਨਾਹ ਸਮਝਿਆ ਕਿ ਇਹ ਕੰਮ ਮਾੜਾ ਹੈ ॥੧॥

ਹੇ ਹਰੀ ! ਜਿਸ ਤਰ੍ਹਾਂ ਮੈਂ ਆਪਣਾ ਜੀਵਨ ਅਜਾਈਂ ਗਵਾ ਲਿਆ, ਉਹ ਮੈਂ ਕਿਥੋਂ ਤੱਕ ਆਪਣੀ ਕਰਤੂਤ ਦੱਸਾਂ, ਨਾਨਕ ਆਖਦਾ ਹੈ-ਹੇ ਪ੍ਰਭੂ ! ਮੇਰੇ ਅੰਦਰ ਸਾਰੇ ਹੀ ਅਵਗੁਣ ਹਨ। ਮੈਨੂੰ ਆਪਣੀ ਸਰਨ ਵਿਚ ਰੱਖ।

# 'ਵਿਸਮਾਦ ਨਾਦ'

## ਵੱਲੋਂ

# 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-92'

ਨਾਮਕ ਵਿਸ਼ਵ ਪੱਧਰ ਦੇ ਸੰਗੀਤ ਸੰਮੇਲਨ ਵਿੱਚ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ ਵਿਖੇ

**ਡਾ: ਗੁਰਨਾਮ ਸਿੰਘ ਜੀ**

ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਅਤੇ ਰਾਗ ਪ੍ਰਕਾਰ ਦੇ ਸਫਲ ਗਾਇਨ, ਗੁਰਮਤਿ ਸੰਗੀਤ ਸਬੰਧੀ ਖੋਜ ਭਰਪੂਰ ਪੁਸਤਕਾਂ, ਖੋਜ ਪੱਤਰਾਂ ਆਦਿ ਦੇ ਲੇਖਨ ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ ਉੱਤੇ ਵਿਸ਼ੇ ਵੱਜੋਂ ਮਾਨਤਾ ਦਿਵਾਉਣ ਅਤੇ ਵਿਦਿਆਰਥੀਆਂ ਵਿੱਚ ਇਸ ਸੰਗੀਤ-ਵਿਸ਼ੇ ਸਬੰਧੀ ਖੋਜ ਤੇ ਗਾਇਨ ਰੁਚੀ ਨੂੰ ਉਤਸ਼ਾਹਿਤ ਕਰਨ ਹਿਤ

**ਗੁਰਮਤਿ ਸੰਗੀਤ ਐਵਾਰਡ-92**

ਪ੍ਰਦਾਨ ਕਰਦਿਆਂ ਸਿਰੋਪਾ; ਸਿਮ੍ਰਤੀ ਚਿੰਨ੍ਹ (ਮੋਮੈਂਟੋ) ਅਤੇ 25,000/- ਦੀ ਨਕਦ ਰਾਸ਼ੀ ਨਾਲ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਤੇ ਗੁਰੂ ਦੀ ਹਜ਼ੂਰੀ ਵਿੱਚ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਵਿਸ਼ਵ ਵਿੱਚ ਆਪਣੀ ਕਿਸਮ ਦਾ ਪਹਿਲਾ ਐਵਾਰਡ ਹੈ ਜੋ ਡਾ: ਗੁਰਨਾਮ ਸਿੰਘ ਵਰਗੇ ਨੌਜਵਾਨ ਗਾਇਕ ਤੇ ਖੋਜਾਰਥੀ ਨੂੰ ਮਿਲਿਆ ਹੈ।

ਡਾ: ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰਾਧਿਆਪਕ ਹਨ। ਜਿਨ੍ਹਾਂ ਨੇ ਸੰਗੀਤ ਦੀ ਸਿਖਿਆ ਆਪਣੇ ਪਿਤਾ ਗਿਆਨੀ ਉੱਤਮ ਸਿੰਘ ਅਤੇ ਗੁਰਮਤਿ ਸੰਗੀਤਾਚਾਰੀਆ ਪ੍ਰੋ: ਤਾਰਾ ਸਿੰਘ ਜੀ ਵਰਗੇ ਉਸਤਾਦਾਂ ਤੋਂ ਪ੍ਰਾਪਤ ਕੀਤੀ। ਆਪ ਨੇ 'ਗੁਰਮਤਿ ਸੰਗੀਤ ਪ੍ਰਬੰਧ' ਉਪਰ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ, ਉਪਰੰਤ ਇਸ ਖੇਤਰ ਵਿੱਚ ਚਾਰ ਪੁਸਤਕਾਂ ਦੱਸ ਖੋਜ ਪੱਤਰਾਂ, 41 ਆਰਟੀਕਲਾਂ ਦਾ ਲੇਖਨ, ਦੋ ਖੋਜ ਪਤ੍ਰਿਕਾਵਾਂ ਅਤੇ 20 ਪੁਸਤਕਾਂ ਦੀ ਸੰਪਾਦਨਾਂ ਕੀਤੀ। ਇਸ ਖੇਤਰ ਵਿੱਚ ਆਪ ਦੁਆਰਾ ਅਗਲੇਰੀ ਖੋਜ ਜਾਰੀ ਹੈ। ਅਨੇਕ ਸੰਸਥਾਵਾਂ ਦੁਆਰਾ ਸਨਮਾਨਿਤ ਡਾ: ਗੁਰਨਾਮ ਸਿੰਘ ਤੋਂ ਭਵਿਖ ਵਿੱਚ ਗਾਇਨ ਤੇ ਖੋਜ ਦੇ ਖੇਤਰ ਵਿੱਚ ਉਚੇਰੀਆਂ ਪ੍ਰਾਪਤੀਆਂ ਦੀ ਆਸ ਹੈ।

0—0—0

ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ 'ਵਿਸਮਾਦ ਨਾਦ' ਦਾ ਬਹੁਤ ਬਹੁਤ ਧੰਨਵਾਦ ਅਤੇ ਡਾਕਟਰ ਗੁਰਨਾਮ ਸਿੰਘ ਹੋਰਾਂ ਨੂੰ ਬਹੁਤ ਬਹੁਤ ਵਧਾਈ।

# ਆਸਾ ਰਾਗੁ ਦੀ ਵਾਰ

## ਵਾਰ ਦੀ ਅਠਾਰਵੀਂ ਪਉੜੀ ਸਲੋਕਾਂ ਸਹਿਤ

**ਲੜੀ ਵਾਰ :**

ਸਲੋਕ ਮ : ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥

ਮ : ੧ ॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥2॥

ਮ : ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥3॥

**ਵਿਆਖਿਆ :-** ਉਪ੍ਰੋਕਤ ਤਿੰਨ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 472 ਤੇ ਦਰਜ ਹਨ ਇਨ੍ਹਾਂ ਵਿਚ ਹਜ਼ੂਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਵੇਲੇ ਦੀਆਂ ਪਰਵਿਰਤ ਬੁਰਾਈਆਂ ਚੋਂ ਸੂਤਕ ਦੇ ਵਹਿਮ ਨੂੰ ਇੰਜ

ਕਥਿਆ ਹੈ ਜਿਓ :-

ਜੇਕਰ ਸੂਤਕ ਦਾ ਭਰਮ ਸੱਚਾ ਮੰਨ ਲਈਏ ਤਾਂ ਸਭ ਕਿਸੇ ਦੇ ਜਨਮ-ਮਰਨ ਤੇ ਸੂਤਕ ਪੈ ਜਾਣਾ ਚਾਹੀਦਾ ਹੈ। ਸੋ ਇਹ ਸੂਤਕ ਨਿਰਾ ਵਹਿਮ ਦਾ ਪ੍ਰਗਟਾਵਾ ਹੀ ਹੈ ਕਿਉਂ ਜੋ ਰਸੋਈ ਵਿਚ ਜੋ ਗੋਹਿਆ-ਲਕੜੀ (ਓਸ ਵੇਲੇ ਅਗ ਬਾਲਣ ਦੇ ਸਾਧਨ ਸਨ) ਸਭ ਅੰਦਰ ਤਾਂ ਕੀੜੇ ਹੁੰਦੇ ਹਨ। ਤੇ ਫਿਰ ਰਸੋਈ ਵਿਚ ਜੋ ਅੰਨ ਵਰਤ ਰਹੇ ਹਾਂ ਓਸਦਾ ਤੇ ਹਰੇਕ ਦਾਣਾ ਹੀ ਜੀਵ ਭਰਭੂਰ ਹੈ ਜਿਵੇਂ ਭਗਤ ਨਾਮਦੇਵ ਜੀ ਵੀ ਆਸਾ ਰਾਗੁ ਵਿਚ ਹੀ ਪੁਸ਼ਟੀ ਕਰਦੇ ਹਨ "ਬਇਆਲੀਸ ਲਖ ਜੀਅ ਜਲ ਮਹਿ ਹੋਤੇ" ਸੋ ਇਸ ਭਰਮ ਵਿਚੋਂ ਨਿਕਲਣ ਲਈ ਗਿਆਨ ਦੀ ਪ੍ਰਾਪਤੀ ਦੀ ਲੋੜ ਹੈ ਸੋ ਅਗਿਆਨੀ ਪੁਰਸ਼ ਵਹਿਮ ਕਰਦੇ ਹਨ ਅਸਲ ਸੂਤਕ ਕੀ ਹੈ ਦੂਜੇ ਸਲੋਕਾਂ ਵਿਚ ਬਿਆਨ ਕੀਤਾ ਹੈ ਹਜੂਰ ਜੀ ਨੇ :-

ਹੇ ਮਨੁਖ ਮਨ ਦਾ ਸੂਤਕ ਹੈ 'ਲੋਭ' ਜੀਭ ਦਾ ਸੂਤਕ ਹੈ 'ਝੂਠ' ਅਖਾਂ ਦਾ ਸੂਤਕ ਹੈ ਪਰਾਈ ਇਸਤ੍ਰੀ ਦੇ ਰੂਪ ਨੂੰ ਮੰਦੀ ਨਜ਼ਰ ਨਾਲ ਨਿਹਾਰਨਾ ਤੇ ਪਰਾਏ ਧਨ ਤੇ ਅਖ ਰਖਣੀ ਅਤੇ ਕੰਨਾ ਦਾ ਸੂਤਕ ਝੂਠਾਲੀ ਬਖੀਲੀ ਸੁਣ ਕੇ ਖੁਸ਼ ਹੋਣਾ ਹੈ। ਸੋ ਐਸੇ ਕਰਮ ਕਰਨ ਵਾਲਾ ਕਿਤਨਾ ਮਰਜੀ ਸੁੱਚ ਸੰਜਮ ਦਾ ਦਿਖਾਵਾ ਕਰੇ ਉਹ ਜਮਾਂ ਦੇ ਵਸ ਪੈਣਗੇ ਅੰਤਲ ਸਮੇਂ ਸਵਾਸ ਔਖੇ ਕਰਨਗੇ। ਸੋ ਇਸ ਤੋਂ ਇਲਾਵਾ ਬਾਕੀ ਸਭ ਭਰਮ ਹੀ ਹੈ। ਤੀਸਰੇ ਸਲੋਕ ਵਿਚ ਗਲ ਖੋਲ ਕੇ ਸਮਝਾਈ ਗਈ ਹੈ। ਕਿ ਇਹ ਸੂਤਕ-ਪਾਤਕ ਸਭ ਭਰਮ ਪਾਏ ਗਏ ਹਨ ਲੋਕਾਂ ਨੂੰ ਠਗਣ ਕਾਰਨ ਜੰਮਣਾ ਤੇ ਮਰਨਾ ਓਸ ਦੇ ਹੁਕਮ ਵਿਚ ਚਲ ਰਿਹਾ ਹੈ। ਇਹ ਆਵਣ ਜਾਣ ਦੀ ਖੇਡ ਬਣੀ ਹੋਈ ਹੈ। ਸੋ ਕਿਰਤ ਕਰਕੇ ਰੋਜੀ ਖਾਣੀ ਸਭ ਤੋਂ ਪਹਿਲਾ ਹੈ ਜੀਓ। ਰਿਜ਼ਕ ਸਭ ਨੂੰ ਉਦਮ ਸਦਕਾ ਮਿਲ ਜਾਂਦਾ ਹੈ। ਜਿਨਾਂ ਇਹ ਗਲ ਸਮਝ ਲਈ ਉਹ ਸੂਤਕ ਦੇ ਭਰਮ ਤੋਂ ਸਦਾ ਲਈ ਬੱਚ ਗਏ :-

(ਕ) ਉਦਮੁ ਕਰੇਦਿਆਂ ਜੀਉ ਤੂੰ ਕਮਾਵਦਿਆ ਸੁਖ ਭੁੰਚੁ,
ਧਿਆਂਇਦਿਆ ਤੂ ਪ੍ਰਭੂ ਮਿਲੁ ਨਾਨਕ ਉਤਰੀ ਚਿੰਤੁ ॥

ਪਉੜੀ ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆਂ ਵਡਿਆਈਆ ॥

ਸਹਿ ਮੇਲੇ ਤਾ ਨਦਰੀ ਆਈਆ ॥
ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ
ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥੧॥

ਵਿਆਖਿਆ :- ਸੋ ਪਉੜੀ ਵਿਚ ਵਿਸਥਾਰ ਸਹਿਤ ਸਮਝਾਉਣ ਦਾ ਜਤਨ ਹੈ ਕਿ ਸਤਿਗੁਰੂ ਨੂੰ ਵਡਾ ਮੰਨ ਕੇ ਸਲਾਹੁਣਾ ਚਾਹੀਦਾ ਹੈ (ਕਿਉਂਕਿ) ਇਸ ਵਿਚ ਬਹੁਤ ਵਡੀਆਂ ਵਡਿਆਈਆਂ ਦਾ ਨਿਵਾਸ ਹੈ ਉਹ ਵਡਿਆਈਆਂ ਸਚਮੁਚ ਦੀਆਂ ਗੁਣਾ ਤੇ ਚੰਗਿਆਈਆਂ ਦਾ ਨਿਵਾਸ ਤੇਰੇ ਅੰਦਰ ਪਰਤੱਖ ਪਰਗਟ ਕਰ ਦੇਣਗੀਆਂ ਜਦੋਂ ਤੂੰ ਸਤਿਸੰਗਤਿ ਰਾਹੀਂ ਉਸ ਦੇ ਹੁਕਮ ਨੂੰ ਸਦਾ ਲਈ ਅਟਲ ਤੇ ਸੱਚ ਮਨ ਕੇ ਚਲ ਪਵੇਂਗਾ ਇਸ ਤਰ੍ਹਾਂ ਤੂੰ ਉਸ ਵਡੇ ਪੁਰਖੁ (ਅਕਾਲ ਪੁਰਖੁ ਨੂੰ) ਭਾਅ ਗਿਆ ਤਾਂ (ਤੇਰੇ ਮੱਥੇ ਉਸਦਾ ਹੱਥ) ਓਸਦਾ ਕ੍ਰਿਪਾ ਰੂਪੀ ਹੱਥ ਤੇਰੇ ਸਿਰ ਤੇ ਹੋ ਗਿਆ ਤਾਂ ਉਨ੍ਹਾਂ ਬੁਰਿਆਈਆਂ ਜੋ ਤੇਰ ਅੰਦਰ ਹਨ, ਤੋਂ ਛੁਟ ਜਾਵੇਗਾ ਤੇ ਓਸਦੇ ਹੁਕਮ ਅਗੇ ਝੁਕ ਕੇ ਬੁਰੇ ਕੰਮ ਤੋਂ ਤੋਬਾ ਕਰ ਲਵੇਂਗਾ ਤੇ ਖੁਸ਼ੀਆਂ ਤੇ ਖੇੜੇ ਦੇ ਖਜਾਨੇ ਤੈਨੂੰ ਪ੍ਰਾਪਤ ਹੋ ਜਾਣਗੇ ਭਾਵ ਸਾਧ ਸੰਗਤਿ ਵਿਚ ਜਾ ਕੇ ਹੀ ਬੁਰਿਆਈਆਂ ਦਾ ਖਾਤਮਾਂ ਤੇ ਸਦਾ ਲਈ ਖੇੜਾ ਸਤਿਗੁਰੂ ਦੀ ਕ੍ਰਿਪਾ ਸਦਕਾ ਪ੍ਰਾਪਤ ਹੋ ਸਕਦਾ ਹੈ।

ਅਨੁਵਾਦ : ਪ੍ਰੇਮ ਸਿੰਘ ਪ੍ਰੇਮ

# ਗੁਰ ਸ਼ਬਦ ਗਾਇਕੀ ਵਿਚ ਰਬਾਬੀ-ਬ੍ਰਾਦਰੀ ਦਾ ਸਹਿਯੋਗ ਅਤੇ ਕਿਰਦਾਰ

ਟੀ. ਸੀ. ਨਾਗਪਾਲ

ਅਸੀਂ ਸਾਰੇ ਗੁਰੂ ਨਾਨਕ ਨਾਮ ਲੇਵਾ ਜਦ ਕਦੇ ਗੁਰ ਸ਼ਬਦ ਗਾਇਕੀ ਜਾਂ ਗੁਰਬਾਣੀ ਕੀਰਤਨ ਬਾਰੇ ਕੋਈ ਜ਼ਿਕਰ ਕਰਦੇ ਹਾਂ ਜਾ ਅਸਲੀ ਸੂਰਤ ਵਿਚ ਪੂਜਯ ਸੰਤ ਬਾਬਾ ਸੁੱਚਾ ਸਿੰਘ ਜੀ ਵਾਂਗ ਆਮ ਖੁੱਲ੍ਹੀ ਸਭਾ ਵਿੱਚ ਦੇਸ਼ ਦੇ ਕਈ ਇਕ ਭਾਗਾਂ ਦੇ ਸਮੇਂ ਦੇ ਚੋਟੀ ਦੇ ਵਿਦਵਾਨਾਂ, ਕਲਾਕਾਰਾਂ ਰਾਹੀਂ ਆਮ ਸੰਗਤ ਨੂੰ ਅਜਿਹਾ ਅਣਗਿਣਤ ਰਾਗਾਂ ਰਾਹੀਂ ਸ਼ਬਦ-ਗਾਇਕੀ ਦੀ ਸੁਹਾਵਣੀ ਰੱਬੀ ਹਮਦੋ-ਸਨਾ (ਯਾਨੀ ਵਾਹਿਗੁਰੂ ਦੀ ਸਿਫ਼ਤੋ ਸਲਾਹ) ਰੂਹਾਨੀ ਗ਼ਜ਼ਾ ਦੇ ਤੌਰ ਤੇ ਪ੍ਰਦਾਨ ਕਰਦੇ ਹਾਂ ਤਾਂ ਬਦੋ-ਬਦੀ ਬੇ-ਇਖ਼ਤਯਾਰ ਸਾਨੂੰ ਰਬਾਬੀ ਬ੍ਰਾਦਰੀ ਦੀ ਕਲਾ ਮੁੜ ਮੁੜ ਚੇਤੇ ਆਉਂਦੀ ਹੈ ਅਤੇ ਇਹ ਗੁਰੂ ਦੇ ਪਿਆਰੇ ਲੋਕ ਸਾਨੂੰ ਆਪਣੀ ਜ਼ਮੀਰ ਦੀ ਆਵਾਜ਼ ਦੇ ਤੌਰ ਤੇ ਅਪਣਾ ਇਕ ਅਨਿੱਖੜਵਾਂ ਅੰਗ ਹੀ ਭਾਸਣ ਲਗ ਪੈਂਦੇ ਹਨ। ਗੁਰਮਤ ਦੇ ਮਹਾਨ ਫ਼ਲਾਸਫਰ ਅਤੇ ਚੋਟੀ ਦ ਵਿਦਵਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬੜੀ ਜੁਅਰਤ ਨਾਲ ਫੁਰਮਾਯਾ ਹੈ ਕਿ 'ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥'

ਸਭ ਤੋ ਪਹਿਲੇ ਗੁਰੂ ਨਾਨਕ ਪਾਤਸ਼ਾਹ ਨੇ ਇਸ ਬ੍ਰਾਦਰੀ ਦੇ ਮੱਢੀ ਮਰਦਾਨੇ ਨੂੰ ਆਪਣਾ ਹਮ-ਸਫਰ ਅਤੇ ਜ਼ਿੰਦਗੀ ਦਾ ਸਾਥੀ ਚੁਣਿਆ ਅਤੇ ਨਾਲ ਹੀ ਇਸ ਨੂੰ 'ਭਾਈ' ਦਾ ਅਪਣੱਤ ਭਰਿਆ, ਪਿਆਰ ਅਤੇ ਇਜ਼ਤ-ਇਹਤਰਾਮ ਦਾ ਖ਼ਿਤਾਬ ਬਖ਼ਸ਼ਿਆ ਜੋ ਕਿ ਹੁਣ ਤਕ ਪਾਕ-ਭਾਰਤ ਦੀ ਵੰਡ ਦੇ ਸਮੇਂ ਤੱਕ ਬੱਖੂਬੀ ਨਿਭਦਾ ਰਿਹਾ, ਬਲਕਿ ਇਹ ਲੋਗ ਅਜ ਵੀ ਅਪਣੇ ਆਪ ਨੂੰ ਭਾਈ ਅਖਵਾ ਕੇ ਜਾਂ ਗੁਰੂ ਕੇ ਕੀਰਤਨੀਏ ਹੋਣ ਦੇ ਨਾਤੇ ਫ਼ਖਰ ਅਤੇ ਗੌਰਵਤਾ ਮਹਿਸੂਸ ਕਰਦੇ ਹਨ। ਦੋ ਕੁ ਸਾਲ ਦੀ ਗੱਲ ਹੈ, ਲਾਹੌਰ ਰੇਡਿਓ ਤੇ ਇਕ ਵਾਰ ਸਮੇਂ ਦੇ ਚੋਟੀ ਦੇ ਵਿਦਵਾਨ ਕਲਾਕਾਰ (Pure Classical Singer) ਉਸਤਾਦ ਭਾਈ ਗ਼ੁਲਾਮ ਹੱਸਨ ਸ਼ੱਗਨ ਦਾ ਇੰਟਰਵਿਊ ਹੋਇਆ। ਅਨਾਉਂਸਰ ਨੇ ਪੁੱਛਿਆ ਕਿ ਭਾਈ ਸਾਹਿਬ ਆਪ ਜੀ ਨੇ ਕਲਾਸੀਕਲ ਗਾਇਕੀ ਦੀ ਤਾਲੀਮੋ-ਤਰਬੀਅਤ ਕਿੱਥੋਂ ਹਾਸਲ ਕੀਤੀ? ਤਾਂ ਸ਼ਗਨ ਜੀ ਨੇ ਜਵਾਬ ਦਿੱਤਾ : ਆਪਣੇ ਵਾਲਿਦ ਸਾਹਿਬ : ਭਾਈ ਲਾਲ ਜੀ ਮਰਹੂਮ ਪਾਸੋਂ। ਇਵੇਂ ਹੀ ਪੰਜ-ਸੱਤ ਸਾਲ ਪਹਿਲੇ ਲਾਹੌਰ ਰੇਡੀਓ ਤੋਂ ਯਾਦੇ-ਰਫ਼ਤਗਾਂ ਦੇ ਪ੍ਰੋਗਰਾਮ ਦੇ ਤਹਿਤ

(ਯਾਨੀ ਸਵਰਗਵਾਸ ਹੋ ਚੁੱਕੇ ਕਲਾਕਾਰਾਂ ਦੀ ਮਹਿਫ਼ਲ) ਇਕ ਕਲਾਸੀਕਲ ਗਾਇਕੀ ਪੇਸ਼ ਕੀਤੀ ਗਈ ਤਾਂ ਅਨਾਊਂਸਰ ਨੇ ਕਿਹਾ ਕਿ 'ਇਹ ਉਸਤਾਦ ਭਾਈ ਲਾਲ ਜੀ ਦੀ ਆਵਾਜ਼ ਸੀ।' ਕਹਿਣ ਤੋਂ ਭਾਵ ਕਿ ਇਹ (ਭਾਈ ਲੋਕ) ਯਾਨੀ ਰਬਾਬੀ ਹੁਣ ਤਕ ਗੁਰੂ ਘਰ ਨਾਲ ਸਮੇਂ ਸਮੇਂ ਅਨੁਸਾਰ ਕਿਸੇ ਨਾ ਕਿਸੇ ਢੰਗ ਨਾ ਜੁੜੇ (Attach) ਯਾਨੀ ਨੱਥੀ ਰਹੇ।

ਸਾਡੇ ਸਾਰੇ ਸੱਜਣ ਜਾਣਦੇ ਹਨ ਕਿ ਭਾਈ ਸੱਤੇ ਬਲਵੰਡ ਨੇ ਇਖਲਾਕ ਅਦਬ ਅਤੇ ਸਭਿਅਤਾ ਦੀ ਹੱਦ ਨੂੰ ਭੀ ਤਿਆਗਦੇ ਹੋਇ ਆਪਣੇ ਵਿਚ ਕੁਝ ਜ਼ਬਾਨ-ਦਰਾਜ਼ੀ ਕੀਤੀ। ਫਿਰ ਵੀ '**ਸਾਂਝ ਕਰੀਜੈ ਗੁਣਾਂ ਕੇਰੀ ਛਾਡ ਅਉਗਣ ਚਲੀਐ।** ਦੀ ਸ਼ੁਭ ਭਾਵਨਾ ਅਨੁਸਾਰ ਸਾਡੇ ਪੰਜਵੇਂ ਗੁਰੂ ਸਾਹਿਬਾਂ ਉਹਨਾਂ ਨੂੰ ਮੁਆਫ਼ ਫ਼ੁਰਮਾਂਦੇ ਹੋਏ ਅਪਣੱਤ ਦੇ ਜਜ਼ਬੇ ਹੇਠ ਜਾਂ ਉਨ੍ਹਾਂ ਦੀ ਕੀਰਤਨ-ਕਾਰੀ ਦੀ ਕਲਾ ਦੀ (Top obility) ਨੂੰ ਮੁੱਖ ਰੱਖਦੇ ਹੋਏ ਫਿਰ ਵੀ ਉਨ੍ਹਾਂ ਨੂੰ ਸੀਨੇ ਨਾਲ ਲਾਈ ਰਖਿਆ। ਫਿਰ ਇਨ੍ਹਾਂ ਦੇ ਦਰ ਵਿਚ ਹੀ ਸ਼ਾਇਦ ਭਾਈ ਝਾੜੂ ਮੁਕੰਦਾ ਅਤੇ ਕੇਦਾਰ ਆਦਿਕ ਵੀ ਸ਼ਬਦ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਇਨ੍ਹਾਂ ਤੋਂ ਹੋਰ ਕਈ ਇਕ ਰਬਾਬੀ ਇਵੇਂ ਹੀ ਪ੍ਰਭੂ ਅਤੇ ਗੁਰੂ-ਯਸ਼ ਗਾਉਂਦੇ ਰਹੇ ਅਤੇ ਇਹ ਤੋਰਾ ਤੁਰਦਾ ਰਿਹਾ। ਸੁਣਿਆ ਜਾਂਦਾ ਹੈ ਕਿ ਦੂਜੀ ਅਤੇ ਤੀਜੀ ਪਾਤਸ਼ਾਹੀ ਸਮੇਂ ਵੀ ਭਾਈ ਸਾਦੂ ਅਤੇ ਬਾਦੂ ਰਬਾਬੀ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਛਵੀਂ ਪਾਤਸ਼ਾਹੀ ਦੇ ਦੌਰ ਵਿਚ ਗ਼ਾਲਬਨ ਭਾਈ ਬਾਬਕ ਰਬਾਬੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਇਵੇਂ ਹੀ ਫਿਰ ਦਸਮ ਪਿਤਾ ਦੇ ਦੌਰ ਵਿਚ ਭਾਈ ਸਦੂ ਜੀ ਵ ਭਾਈ ਮਦੂ ਜੀ ਕੀਰਤਨ ਰਾਹੀਂ ਪ੍ਰਭੂ ਯਸ਼ ਕਰਦੇ ਰਹੇ।

ਫਿਰ ਸੁਣਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਸ਼ਾਸਨ-ਕਾਲ ਵਿਚ ਵੀ ਇਹ ਰਬਾਬੀ ਸੱਜਣ ਗੁਰਬਾਣੀ ਕੀਰਤਨ ਵਲੋਂ ਪੇਸ਼ ਪੇਸ਼ ਅਤੇ ਮੋਹਰੀ ਰਹੇ। ਭਾਈ ਅਮੀਰਾ ਰਬਾਬੀ ਜੋ ਕਿ ਭਾਈ ਮਰਦਾਨਾ ਜੀ ਦੇ ਉਸਤਾਦ ਭਾਈ ਫਰਿੰਦਾ ਜੀ ਦੀ ਨਸਲ ਵਿਚੋਂ ਸਨ, ਬੜੇ ਉੱਘੇ ਤੇ ਆਪਣੇ ਸਮੇਂ ਦੇ ਨਾਮੀ ਕਲਾਕਾਰ ਸਾਬਤ ਹੋਏ ਅਤੇ ਰੂਹਾਨੀ ਗ਼ਜ਼ਾ ਦੇ ਕਦਰਦਾਨਾਂ ਦੇ ਦਿਲ ਦੀ ਧੜਕਨ ਬਣ ਰਹੇ ਅਤੇ ਇਹ ਦਰਬਾਰੀ ਕੀਰਤਨਕਾਰ ਦੇ ਅਜ਼ੀਮ ਦਰਜੇ ਤੇ ਜਾ ਪੁੱਜੇ। ਭਾਈ ਅਤਰੇ ਰਬਾਬੀ ਦਾ ਨਾਮ ਵੀ ਬੜਾ ਉੱਘਾ ਸੀ। ਸਿਆਣੇ ਬਜ਼ੁਰਗਾਂ ਦਾ ਬੋਲ ਹੈ ਕਿ ਇਲਮੀਅਤ ਦੀ ਵੀ ਕੋਈ ਹਦ ਨਹੀਂ ਅਗਾਂ ਤੋਂ ਅਗਾਂ ਪ੍ਰਭੂ ਪ੍ਰਮੇਸ਼ਵਰ ਆਪਣੇ ਮਕਬੂਲੇ-ਨਜ਼ਰ ਬੰਦਿਆਂ ਨੂੰ ਵਧ ਤੋਂ ਵਧ ਸਲਾਹੀਯਤਾਂ, ਖ਼ੂਬੀਆਂ ਅਤੇ Abilities ਬਖਸ਼ ਦੇਂਦਾ ਹੈ। ਫਿਰ ਭਾਈ ਮਹਿਬੂਬ ਉਰਫ਼ ਭਾਈ ਬੂਬਾ ਰਬਾਬੀ ਦਾ ਸੁਹਾਵਣਾ ਦੌਰ ਆਯਾ। ਕਿਹਾ ਜਾਂਦਾ ਹੈ ਕਿ ਕਈ ਦਹਾਕੇ ਇਨ੍ਹਾਂ ਜਿਹਾ ਨਾ-ਨਜ਼ੀਰ ਕਲਾਕਾਰ ਮੁੜ ਮੈਦਾਨ ਵਿਚ ਨਜ਼ਰ ਨਹੀਂ ਆਯਾ। ਦਾਸ ਹੁਣ ਜਦ ਅਜਿਹੇ ਚੋਟੀ ਦੇ ਨਾਮੀ ਕੁਝ ਨਾ-ਨਜ਼ੀਰ ਕਲਾਕਾਰਾਂ

ਦਾ ਨਾਮ ਇੱਥੇ ਰਿਹਾ ਹੈ ਤਾਂ ਮਨ ਹੀ ਮਨ ਇਨਾਂ ਦੀ ਅਜ਼ੀਮ-ਕਲਾਕਾਰੀ ਦਾ ਤਸਵਰ ਕਰਕੇ ਹੀ ਦਾਸ ਕੁਝ ਖੁਸ਼ੀ ਹਮਿਸੂਸ ਕਰ ਰਿਹਾ ਹੈ। ਅੱਲਾ ਇਨ੍ਹਾਂ ਮਹਾਨ ਕਲਾਕਾਰਾਂ ਨੂੰ ਜੰਨਤ ਨਸੀਬ ਕਰੇ। ਇਹ ਹੁਣ ਤਕ ਲਿਖੇ ਰਬਾਬੀ ਸੱਜਣਾਂ ਦੇ ਨਾਮ ਵਗੈਰਾ ਤਾਂ ਦਾਸ ਨੇ ਇਧਰੋਂ ਉਧਰੋਂ ਸੁਣੇ ਸੁਣਾਏ ਲਿਖੇ ਹਨ, ਪਰ ਜਿਨ੍ਹਾਂ ਰਬਾਬੀ ਸੱਜਣਾਂ ਨੂੰ ਦਾਸ ਨੇ ਅੱਖੀਂ ਵੇਖਿਆ ਅਤੇ ਕੰਨੀਂ ਉਨ੍ਹਾਂ ਦੀ ਕਲਾਕਾਰੀ ਸੁਣੀ ਜਾ ਆਪਣੇ ਸਮਕਾਲੀ ਬਜ਼ੁਰਗਾਂ ਪਾਸੋਂ ਹੋਰ ਕੁਝ ਰਬਾਬੀ ਸੱਜਣਾਂ ਦੇ ਨਾਮ ਸੁਣੇ, ਉਹ ਕੀਰਤਨ ਕਲਾਕਾਰ ਅਤੇ ਤਬਲਾ-ਨਿਵਾਜ਼ ਵਗੈਰਾ ਕੁਝ ਇੰਜ ਹਨ: ਵੈਸੇ ਤਾਂ ਸੁਣਿਆ ਜਾਂਦਾ ਹੈ ਕਿ ਦਾਸ ਦੇ ਜਨਮ ਸੰਨ 1916 ਤੋਂ ਪਹਿਲੇ-ਪਹਿਲੇ ਕਈ ਦਹਾਕੇ ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਤਕਰੀਬਨ ਅੱਧਾ ਟਾਈਮ ਜ਼ਾ ਅੱਧੀਆਂ ਚੌਕੀਆਂ ਇਹੀ ਰਬਾਬੀ ਸੱਜਣ ਕੀਤਾ ਕਰਦੇ ਸਨ, ਜਦਕਿ ਦਾਸ ਨੂੰ ਨਾ ਤਾਂ ਇਨ੍ਹਾਂ ਦੇ ਸ਼ੁੱਧ ਸਪਸ਼ਟ ਨਾਮਾਂ ਦਾ ਪਤਾ ਹੈ ਅਤੇ ਨਾ ਹੀ ਇਨ੍ਹਾਂ ਦੀ ਸਹੀ ਸਹੀ ਕਾਰਗੁਜ਼ਾਰੀ ਦਾ ਪੂਰਾ ਪੂਰਾ ਇਲਮ ਹੈ।

ਦਾਸ ਨੇ ਤਾਂ ਅਸਲੀ ਸੂਰਤ ਵਿਚ ਸਭ ਤੋਂ ਪਹਿਲੇ ਆਪਣੀ ਨੌਂ–ਦਸ ਸਾਲਾ ਆਯੂ ਵਿਚ ਭਾਈ ਫ਼ਜਲ ਰਬਾਬੀ ਨੂੰ ਹੀ ਤਕਿਆ ਸੀ ਅਤੇ ਇਸੇ ਸੱਜਣ ਦੀ ਕਾਰਗੁਜ਼ਾਰੀ ਕਾਰੀ ਸਮਾਂ ਕਨੀਂ ਸੁਣੀ ਸੀ, ਜੋ ਕਿ ਬਹੂਤ ਹੀ ਸਵਾਦਲੀ ਅਤੇ ਦਿਲ ਖਿਚਵੀਂ ਸੀ। ਇਹ ਸੱਜਣ ਨਾ ਤਾਂ ਬਹੁਤੇ ਸ਼ਬਦ-ਬਾਣੀ ਜ਼ੁਬਾਨੀ ਜਾਣਦੇ ਸਨ ਅਤੇ ਨਾ ਹੀ ਸਪਸ਼ਟ ਸਹੀ ਸ਼ਬਦ ਕੀਰਤਨ ਹੀ ਕਰਦੇ ਸਨ ਲੇਕਿਨ ਇਹ ਸੱਜਣ ਕਵਿਤਾ ਵਿੱਚ ਗੁਰ ਇਤਿਹਾਸ ਅਤੇ ਗੁਰ ਯਸ਼ ਗਾ ਵਜਾ ਕੇ ਸੁਣਾਉਣ ਵਿਚ ਬਹੁਤ ਮਾਹਿਰ ਸਨ। ਇਹ ਸੱਜਣ ਘੰਟਾ ਘਰ ASR ਸਾਈਡ ਵੱਲ ਪ੍ਰਕਰਮਾ ਸ੍ਰੀ ਦਰਬਾਰ ਸਾਹਿਬ ਵਿਚ ਆਪਣੇ ਜੱਥੇ ਸਮੇਤ ਬੈਠਿਆ ਕਰਦੇ ਸਨ ਅਤੇ ਹਰ ਰੋਜ਼ ਸ਼ਾਮ ਪੰਜ ਤੋਂ ਸਾਡੇ ਛੇ ਕੁ ਵਜੇ ਬਜੇ ਤਕਬਾ ਸਰਦੀਆਂ ਵਿਚ ਚਾਰ ਤੋਂ ਸਾਡੇ ਪੰਜ ਸ਼ਾਮ ਤਕ ਬੈਠ ਕੇ ਨਿਤ ਨਵੀਂ ਤਰਜ਼ ਵਿਚ ਨਿਤ ਨਵੇਂ ਪ੍ਰਸੰਗ ਸਾਖੀਆਂ ਸੁਣਾਇਆ ਕਰਦੇ ਸਨ। ਵਿਚ ਵਿਚ ਇਹ ਸੱਚਨ ਇਵਜ਼ੀ ਦੀ ਡਿਊਟੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਗਾਹੇ ਬਗਾਹੇ ਕਰ ਆਉਂਦੇ ਸਨ। ਉਪਰੰਤ ਇਹ ਸੱਜਣ ਦਰਬਾਰ ਸਾਹਿਬ ਕਮੇਟੀ ਦੇ ਮੇਂਬਰ ਨਹੀਂ ਸਨ। ਇਹ ਲਈ ਇਹ ਚਲਦੀ ਤੁਰਦੀ ਸੰਗਤ ਜਾ ਆਪਣੇ ਲੱਗੇ ਬੱਧੇ ਸਰੋਤਿਆਂ ਦੇ ਦਿੱਤੇ ਤਿਲ-ਫੁਲ 'ਤੇ ਆਪਣੀ ਉਪਜੀਵਕਾ ਤੋਰਦੇ ਸਨ, ਨਾਲੇ 'ਸ੍ਰੀ ਅੰਮ੍ਰਿਤਸਰ ਦੀਆਂ ਮਾਈਆਂ ਰਬ ਰਜਾਈਆਂ' ਭੀ ਪੁਰਸ਼ਾਂ ਨਾਲੋਂ ਇਨ੍ਹਾਂ ਦੀ ਯਥਾ ਸ਼ਕਤੀ ਵਧ ਹੀ ਕਈ ਰੂਪਾਂ ਵਿਚ ਸੇਵਾ ਨਿਭਾ ਦੇਂਦੀਆਂ ਸਨ। ਮਜ਼ਕੂਰਾ ਭਾਈ ਫ਼ਜਲ ਜੀ ਨੇ ਕੰਨ ਸੰਨ ਵਿਚ ਬੀਬੀਆਂ ਦੇ ਛਿਹਨ ਵਿਚ ਮਸਲਨ ਬਿਠਾ ਦੇਣਾ ਕਿ ਸ ਡੀ ਬੱਚੀ ਦੀ ਫਲਾਂ ਤਾਰੀਖ ਨੂੰ ਸ਼ਾਦੀ ਹੈ। ਕਝ ਮੁਖੀਆਂ ਬੀਬੀਆਂ ਨੇ ਇਨ੍ਹਾਂ ਲਈ ਕਪੜੇ ਆਦਿਕ ਵ ਕੁਝ ਨਗਦੀ ਤੇ ਕੁਝ ਦਹੇਜ ਦਾ ਸਮਾਨ ਹਥੋ-ਹੱਥੀ ਇਨ੍ਹਾਂ ਲਈ ਇਕੱਠਾ ਕਰ ਦੇਣਾ। ਇਸ ਰਬਾਬੀ ਸੱਜਣ ਨੇ ਆਪਣੀ ਕਲਾਕਾਰੀ ਦੇ ਸਹਾਰੇ ਕਾਫ਼ੀ

ਸਰੋਤੇ (ਮਰਦੋ-ਜ਼ੱਨ) ਕੀਲ ਰੱਖੇ ਸਨ। ਸਭ ਤੋਂ ਪਹਿਲੇ ਫਿਰ ਇਸ ਦੌਰ ਵਿਚ ਭਾਈ ਮੋਤੀ ਰਬਾਬੀ ਦਾ ਦੌਰ ਆਇਆ। ਭਾਈ ਸੁੰਦਰ ਜੀ ਰਾਗੀ (ਆਟਾ ਮੰਡੀ ਵਾਲੇ-ਦਾਸ ਦੇ ਹਮਸਾਇ) ਇਨ੍ਹਾਂ ਦੇ ਹੀ ਸ਼ਾਗਿਰਦ ਸਨ। ਇਹ ਉਸਤਾਦ ਭਾਈ ਮੋਤੀ ਜੀ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਸਿਰਫ ਨਾਮ ਦੇ ਹੀ ਮੋਤੀ ਨਹੀਂ ਸਨ ਬਲਕਿ ਆਪਣੀ ਕਲਾਕਾਰੀ ਦੇ ਪਖੋਂ ਭੀ ਵਾਕਿਆ ਹੀ ਅਸਲ ਸੁੱਚੇ ਮੋਤੀ ਹਨ। ਲੇਕਿਨ ਦਾਸ ਨੇ ਭਾਈ ਮੋਤੀ ਜੀ ਨੂੰ ਨਾ ਤਾਂ ਤਕਿਆ ਹੀ ਸੀ ਅਤੇ ਨਾ ਹੀ ਇਨਾਂ ਦੀ ਰੂਬਰੂ ਕਦੀ ਕਲਾਕਾਰੀ ਦੇਖੀ ਜਾਂ ਸੁਣੀ ਸੀ। ਫਿਰ ਉਸਤਾਦ ਭਾਈ ਸਾਂਈ ਦਿੱਤਾ ਜੀ ਦਾ ਸਮਾਂ ਆਇਆ। ਭਾਈ ਸੰਤਾ ਸਿੰਘ ਜੀ ਅਤੇ ਭਾਈ ਸ਼ਮਸ਼ੇਰ ਸਿੰਘ ਜੀ ਗ਼ਾਲਬਨ ਇਨ੍ਹਾਂ ਦੇ ਹੀ ਸ਼ਾਗਿਰਦ ਸਨ। ਫਿਰ ਇਕ ਸਿਰ-ਕੱਢ ਨੌਜਵਾਨ ਭਾਈ ਦੇਸਾ ਜੀ ਮੈਦਾਨ ਵਿਚ ਆਏ। ਕਲਾਕਾਰੀ ਦੇ ਪਖੋਂ ਤਾਂ ਇਹ ਵਾਕਿਆ ਹੀ ਇਕ ਅਜ਼ੀਮ ਸ਼ਖਸੀਅਤ ਸਨ ਅਤੇ ਹੁਨਰ (Art) ਦੀ Ability ਕਾਰਨ ਸਮੇਂ ਦੇ ਸਭ ਕਲਾਕਾਰ ਇਨਾਂ ਦਾ ਲੋਹਾ ਮੰਨਦੇ ਸਨ। ਲੇਕਿਨ ਫਿਰ ਭੀ ਇਹ ਕਿਉਂਕਿ ਕੁਝ ਮਗਰੂਰ-ਤਬਾ (ਯਾਨੀ ਹਉਂ ਬ੍ਰਿਤੀ ਵਾਲੇ) ਸਨ। ਕਈ ਇਕ ਕਲਾਕਾਰ ਇਸੇ ਕਾਰਨ ਫਿਰ ਇਨ੍ਹਾਂ ਨੂੰ ਦਿਲੋਂ ਨਫ਼ਰਤ ਕਰਨ ਲਗ ਜਾਂਦੇ ਸਨ। ਇਸ ਤੋਂ ਇਲਾਵਾ ਇਕ ਭਾਈ ਅਨਾਇਤ ਭਟੀ ਜਾਗੀਦਾਰ ਬੜੇ ਨਾਜ਼ਿਕ ਮਜਾਜ਼ ਪੁਰ ਸਰੂਰ ਕਲਾਕਾਰ ਭੀ ਸਨ। ਉਸਤਾਦ ਭਾਈ ਤਾਬਾ ਜੀ ਸਨ। ਭਾਈ ਸੰਤੂ ਪਾਖੋਜੀ ਅਤੇ ਗਾਇਕ ਭੀ ਸਨ। ਇਨ੍ਹਾਂ ਦੇ ਪਿਤਾ ਜੀ ਭਾਈ ਮੰਨਦਾ ਆਪਣ ਸਮੇਂ ਦੇ ਬਹੁਤ ਵੱਡ ਤਬਲਾ-ਨਿਵਾਜ਼ ਸਨ। ਉਸਤਾਦੇ-ਆਜ਼ਮ ਭਾਈ ਲਾਲ ਜੀ ਦਾ ਤਾਂ ਜ਼ਿਕਰ ਹੀ ਕੀ ਕੀਤਾ ਜਾਵੇ! ਇਨ੍ਹਾਂ ਦਾ ਸਭ ਲੋਕ ਅਤੇ ਕਲਾਕਾਰ Art ਹੁਨਰ ਦੇ ਪਖੋਂ ਵੀ ਇਖ਼ਲਾਕੀ ਖੂਬੀ ਵਲੋਂ ਭੀ ਬਹੁਤ ਮਾਣ ਆਦਰ ਕਰਦੇ ਸਨ। ਪਟਿਆਲੇ ਦੇ ਭਾਈ ਸ਼ੈਲਾ ਅਤੇ ਇਨ੍ਹਾਂ ਦੇ ਸਪੁੱਤਰ ਮਾਸਟਰ ਗਨੀ ਭੀ ਚੰਗੇ ਨਾਮਵਰ ਕਲਾਕਾਰ ਸਨ। ਇਕ ਭਾਈ ਫੈਜ਼ ਰਬਾਬੀ ਭੀ ਨਾਮੀ Artist ਸਨ। ਭਾਈ ਗਾਮ ਅਤੇ ਸਾਮ ਜੋ ਹੁਣ ਲਹੌਰ ਵਿਖੇ ਰਬਾਬੀ ਸੱਜਨ ਹਨ, ਜੋ ਕਿ ਹੁਣ ਕਾਫੀ ਬ੍ਰਿਧ ਅਵਸਥਾ ਵਿਚ ਹਨ ਅਤੇ ਜੋ ਕਿਸੇ ਭਾਈ ਚਾਂਦ ਜੀ ਦੀ Supervision ਹੇਠ ਕੰਮ ਕੀਤਾ ਕਰਦੇ ਸਨ; ਅਜੇ ਭੀ ਬਾ-ਹਯਾਤ ਹਨ ਯਾਨੀ ਜ਼ਿੰਦਾ ਮੌਜੂਦ ਹਨ। ਭਾਈ ਮੁਖਤਾਰ ਰਬਾਬੀ ਭੀ ਸਮਾਂ ਬੰਨ੍ਹ ਦੇਣ ਵਾਲੇ ਇਕ ਉੱਘੇ ਕਲਾਕਾਰ ਸਨ। ਜੋ ਸ਼ਾਇਦ ਅਜੇ ਬਾ-ਹਯਾਤ ਹੋਣ। ਭਾਈ ਕਾਲਾ ਸਪੁੱਤਰ ਭਾਈ ਤਾਬਾ ਜੀ ਇਸ ਸਮੇਂ ਲਹੌਰ ਰੇਡੀਓ ਧੁਨਾਂ ਬਣਾਉਂਦੇ ਹਨ। ਉਸਤਾਦ ਭਾਈ ਗੁਲਾਮ ਹਸਨ ਸ਼ਗਨ ਅਜ ਭੀ ਲਾਹੌਰ ਰੇਡੀਓ ਦੇ ਕਲਾਸੀਕਲ ਮਿਊਜ਼ਿਕ ਧ੍ਰੁਪਦ ਧਮਾਰ ਆਦਿਕ ਦੇ Top ਕਲਾਕਾਰ ਹਨ, ਜੋ ਕਿ ਭਾਈ ਲਾਲ ਜੀ ਮਰਹੂਮ ਦੇ ਸਪੁੱਤਰ ਹਨ। ਇਕ ਆਸਮਾਨ ਪਾੜੂ ਆਵਾਜ਼ ਵਾਲੇ ਕਲਾਕਾਰ ਸ੍ਰੀ ਸਾਂਈ ਅਖ਼ਤਰ ਹੁਸੈਨ ਭੀ ਲਹੌਰ ਵਿਚ ਇਕ ਬੜੇ ਨਾਮੀ ਤੇ ਉੱਘੇ ਕਲਾਕਾਰ ਹੋ ਗੁਜ਼ਰੇ ਹਨ।

ਚਲਦਾ......

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

—ਡਾ. ਜਾਗੀਰ ਸਿੰਘ

(ਪਿਛਲੇ ਅੰਕ ਨੰ. 9 ਸਤੰਬਰ 1992 ਤੋਂ ਅੱਗੇ)

**ਰਾਗ ਸੂਹੀ :—** ਇਸ ਰਾਗ ਦੀ ਬਾਣੀ ਵਿੱਚ ਘਰੋਗੀ ਵਾਤਾਵਰਣ ਪਸਰਿਆ ਹੈ। ਇਸ ਦਾ ਭਾਵ-ਪ੍ਰਬੰਧ ਦੰਪਤੀ ਜੀਵਨ (ਪਤੀ-ਪਤਨੀ) ਦੇ ਦੁਆਲੇ ਉਸਰਿਆ ਹੋਇਆ ਹੈ। ਗੁਰੂ ਸਾਹਿਬਾਨ ਨੇ ਬਹੁਤੇ ਅਲੰਕਾਰ ਚਿੰਨ ਅਤੇ ਬਿੰਬ ਵਿਆਹ ਦੀ ਰਸਮ ਵਿੱਚੋਂ ਲਏ ਹਨ :

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ, ਮਾਨੈ ਹੁਕਮੁ ਤਜੈ ਅਭਿਮਾਨੈ। 1.1

———0--0—0———

ਸਭਿ ਅਵਗੁਣ ਮੈ ਗੁਣ ਨਾਹੀਂ ਕੋਈ, ਕਿਉਂ ਕਰਿ ਕੰਤ ਮਿਲਾਵਾ ਹੋਈ। 1.2

ਇਸ ਰਾਗ ਵਿੱਚ ਦੱਸਿਆ ਗਿਆ ਹੈ ਕਿ ਬੁਰੀ ਪਤਨੀ/3 ਅਤੇ ਚੰਗੀ/4 ਪਤਨੀ ਵਿੱਚ ਕੀ ਅੰਤਰ ਹੈ। ਇਸ ਰਾਗ ਦੇ ਕੁੱਝ ਪਦਿਆਂ ਵਿੱਚ ਵਿਆਹ ਦਾ ਵਾਤਾਵਰਣ ਇੰਜ ਪ੍ਰਬਲ ਹੈ ਕਿ ਅੱਜ ਵੀ ਸਿੱਖ ਧਰਮ ਨਾਲ ਸੰਬੰਧਤ ਵਿਆਹ ਦੀ ਰਸਮ ਵਿੱਚ ਇਹ ਪੜੇ ਸੁਣੇ ਜਾਂਦੇ ਹਨ :

**ਬਰਾਤ ਦੇ ਢੁਕਾਉ ਵੇਲੇ :—**

ਹਮ ਘਰਿ ਸਾਜਨ ਆਏ, ਸਾਚੇ ਮੇਲਿ ਮਿਲਾਏ। 5.

**ਲਾਵਾਂ ਵੇਲੇ :—**

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਰਾਮ ਜੀਉ। 1.7

ਲਾਵਾਂ ਲੈਣ ਸਮੇਂ ਇਹਨਾਂ ਚਾਰ ਬੰਦਾ ਦਾ ਗਾਇਨ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਵਿਚ ਪਤੀ ਅਤੇ ਪਤਨੀ ਦੇ ਅਸਲੀ ਰਿਸ਼ਤੇ ਬਾਰੇ ਦੱਸਿਆ ਹੈ।

ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।
ਏਕ ਜੋਤ ਦੁਇ ਮੂਰਤੀ ਧਨ ਪਿਰ ਕਹੀਐ ਸੋਇ। 1.7

ਇਸ ਰਾਗ ਵਿੱਚ ਪਤਨੀ ਬਾਰੇ ਸਤੀ ਹੋਣ ਸੰਬੰਧੀ ਵੀ ਵਿਚਾਰ ਪ੍ਰਗਟ ਕੀਤੇ ਗਏ ਹਨ—

ਸਤੀਆ ਏਹੁ ਨ ਆਖੀਅਨਿ ਜੋ ਮੜਿਆ ਲਗ ਜਲੰਨਿ। 1.8

ਰਾਗ ਸੂਹੀ ਇਹਨਾਂ ਭਾਵਾਂ ਨੂੰ ਪ੍ਰਗਟਾਉਣ ਵਿੱਚ ਬੜੀ ਚੰਗੀ ਤਰ੍ਹਾਂ ਸਮਰੱਥ ਹੈ, ਕਿਉਂਕਿ

ਇਸ ਰਾਗ ਵਿੱਚ ਪੰਚਮ ਸੁਰ ਸਥਾਈ ਹੈ। ਇਸ ਲਈ ਇਸ ਰਾਗ ਵਿੱਚ ਸ਼ਿੰਗਾਰ ਦੇ ਭਾਵਾਂ ਦਾ ਪ੍ਰਗਟਾਵਾ ਹੋ ਸਕਦਾ ਹੈ।

ਸੂਹੀ ਰਾਗ ਦੀ ਬਾਣੀ ਵਿੱਚ 'ਰੱਤੀ' (ਲਾਲ) ਸ਼ਬਦ ਦਾ ਪ੍ਰਯੋਗ ਇਸ ਰਾਗ ਦੇ ਨਾਮ ਸੂਹੀ (ਰੱਤੀ ਜਾਂ ਲਾਲ) ਅਨੁਕੂਲ ਲਗਦਾ ਹੈ। ਵਾਰ ਸੂਹੀ ਵਿੱਚ 'ਰੱਤੀ' ਸ਼ਬਦ ਲਾਲ ਰੰਗ ਦੇ ਅਰਥਾਂ ਵਿਚ ਪ੍ਰਯੋਗ ਕੀਤਾ ਗਿਆ ਹੈ।

ਇਸ ਰਾਗ ਦੀ ਬਾਣੀ ਵਿੱਚ 'ਬਸੰਤ' ਰੁੱਤ ਬਾਰੇ ਵੀ ਕੁਝ ਸਲੋਕ ਦਰਜ ਹੋਏ ਹਨ/9 ਕਿਉਂਕਿ ਸੂਹੀ ਰਾਗ ਨੂੰ ਕਈ ਵਿਦਵਾਨਾਂ ਨੇ ਬਸੰਤ ਰੁੱਤ ਨਾਲ ਸੰਬੰਧਤ ਕੀਤਾ ਹੈ। 10

ਸਮੁੱਚੇ ਰੂਕ ਵਿਚ ਇਸ ਰਾਗ ਦੀ ਬਾਣੀ ਵਿੱਚ ਕਾਵਿਕ ਭਾਵ ਅਤੇ ਰਾਗ ਦੇ ਸੁੰਦਰ ਸੁਮੇਲ ਦੀ ਇਕ ਮਿਸਾਲ ਕਾਇਮ ਹੋਈ ਹੈ।

**ਰਾਗ ਬਿਲਾਵਲ :—**

ਰਾਗ ਬਿਲਾਵਲ ਦੀ ਬਾਣੀ ਦਾ ਬਹੁਤਾ ਹਿੱਸਾ ਸ਼ਿੰਗਾਰਕ ਅਤੇ ਖੁਸ਼ੀ ਦੇ ਭਾਵਾਂ ਨੂੰ ਪ੍ਰਗਟਾਉਣ ਵਾਲਾ ਹੈ———

ਭਿੰਨੜੀ ਰੈਣਿ ਭਲੀ ਦਿਵਸ ਸੁਹਾਏ ਰਾਮ। 11

————0————

—ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀ ਚੂਰੁ ਵਡ ਗਹਨ ਗਹਨਈਆ।
—ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤ ਮਨਿ ਭਈਆ। 12

————0————

ਸਾਂਤਿ ਪਾਈ ਗੁਰ ਸਤਿਗੁਰਿ ਪੂਰੇ, ਸੁਖ ਉਪਜੇ ਬਾਜੇ ਅਨਹਦ ਤੂਰੇ। 13

————0————

ਮੰਗਲ ਸਾਜ ਭਇਆ ਪ੍ਰਭੁ ਅਪਨਾ ਗਾਇਆ ਰਾਮ। 14

ਬਿਲਾਵਲ ਰਾਗ ਵਿੱਚ ਅਜਿਹੇ ਖੁਸ਼ੀ ਭਾਵ ਰਾਗ ਦੇ ਭਾਵ ਅਨੁਕੂਲ ਹੀ ਪ੍ਰਗਟ ਹੋਏ ਹਨ, ਕਿਉਂਕਿ ਇਹ ਰਾਗ ਕੇਵਲ ਖੁਸ਼ੀ ਦੇ ਭਾਵਾਂ ਦਾ ਪ੍ਰਗਟਾਵਾ ਹੀ ਕਰ ਸਕਦਾ ਹੈ। ਇਸ ਰਾਗ ਦਾ ਸੁਰ ਵਿਧਾਨ ਦਸਦਾ ਹੈ ਕਿ ਇਸ ਵਿੱਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿਚ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਭਾਤਖੰਡੇ ਅਨੁਸਾਰ ਇਹ ਰਾਗ ਸ਼ਿੰਗਾਰ ਰਸੀ ਭਾਵਾਂ ਨੂੰ ਪ੍ਰਗਟਾਉਂਦਾ ਹੈ। 15
ਇਸ ਰਾਗ ਦੇ ਚਿਤਰਾਂ ਵਿਚੋਂ ਵੀ ਸ਼ਿੰਗਾਰਕ ਭਾਵਾਂ ਦੀ ਨਿਸ਼ਪਤੀ ਹੁੰਦੀ ਹੈ। 16

ਗੁਰੂ ਕਵੀਆਂ ਨੇ ਇਸ ਰਾਗ ਵਿੱਚ ਰਚੀ ਬਾਣੀ ਵਿੱਚ ਬਸੰਤ ਰੁੱਤ ਦੇ ਵਾਤਾਵਰਣ ਨੂੰ ਵੀ ਚਿਤਰਿਤ ਕੀਤਾ ਹੈ———

ਸੋਹੇ ਬੰਕ ਦੁਆਰ ਸਗਲਾ ਬਨ ਹਰਾ । 17

———0———

ਵਣਤ੍ਰਿਣ ਤ੍ਰਿਭਵਣ ਹਰਿਆ ਹੋਇ ਸਗਲੇ ਜੀਅ ਸਾਧਾ ਰਿਆ । 18

———0———

ਇਹ ਵੀ ਬਿਲਾਵਲ ਰਾਗ ਦੇ ਅਨੁਕੂਲ ਹੈ ਕਿਉਂਕਿ ਬਿਲਾਵਲ ਰਾਗ ਨੂੰ ਬਸੰਤ ਰੁੱਤ ਨਾਲ ਸੰਬੰਧਤ ਕੀਤਾ ਜਾਂਦਾ ਹੈ । 19

ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਦਾ ਪੂਰਨ ਸੰਜੋਗ ਕੀਤਾ ਗਿਆ ਹੈ ।

**ਰਾਗ ਗੋਂਡ :—**

ਇਸ ਰਾਗ ਦੀ ਵਿਚ ਰਦੀ ਬਾਣੀ ਦੀਆਂ ਕਈ ਭਾਵਾਂ ਨਾਲ ਸੰਬੰਧਤ ਉਦਾਹਰਨਾ ਮਿਲ ਜਾਂਦੀਆਂ ਹਨ——

**ਵਿਛੋੜੇ ਦਾ ਦੁੱਖ :—**

ਹਰਿ ਦਰਸ਼ਨ ਕਉ ਮਨ ਬਹੁ ਤਪਤੈ, ਜਿਉ ਤ੍ਰਿਖਾਵੰਤ ਬਿਨ ਨੀਰਿ !
ਮੇਰੇ ਮਨਿ ਪ੍ਰੇਮ ਲਗੋ ਹਰਿ ਤੀਰਿ, ।

ਹਮਰੀ ਬੇਦਨ ਹਰਿ ਪ੍ਰਭ ਜ਼ਾਨੈ, ਮੇਰੇ ਮਨ ਅੰਤਰ ਦੀ ਪੀਰ ਰਹਾਉ । 20

**ਸੰਜੋਗ ਦੀ ਖੁਸ਼ੀ :—**

ਗੋਬਿੰਦ ਭਗਤ ਕਾ ਮਹਲੁ ਨ ਪਾਇਆ, ਰਾਮ ਜਨਾ ਮਿਲੀ ਮੰਗਲ ਗਾਇਆ । 21

ਕਈ ਥਾਵਾਂ ਤੇ ਪੰਜਾਂ ਦੁਸ਼ਮਣਾ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰਨ ਦਾ ਵਰਣਨ ਕਰਦਿਆਂ ਵੀਰ ਰਸੀ ਉਤਸ਼ਾਹ ਦੇ ਭਾਵ ਪ੍ਰਗਟ ਹੁੰਦੇ ਹਨ—

ਉਨ ਕਉ ਖ਼ਸਮਿ ਕੀਨੀ ਠਾਕਹਾਰੇ, ਦਾਸ ਸੰਗ ਤੇ ਮਾਰਿ ਬਿਦਾਰੇ । 22

ਕਾਮ ਕ੍ਰੋਧ ਇਸ ਤਨ ਤੇ ਮਾਰਿ । 23
ਪੰਚ ਦੂਤ ਭਾਗੇ ਬਿਕਰਾਲ । 24

ਕਿਤੇ ਮਾਇਆ ਦੇ ਦੰਦ ਤੰਕਣ ਦੀ ਗਲ ਕਰਦਿਆਂ ਜੋਸ਼ ਉਭਾਰਿਆ ਗਿਆ ਹੈ । 25
ਨਿੰਦਕ ਦੀ ਨਿਖੇਧੀ ਕਰਦਿਆਂ ਗੁੱਸੇ ਦਾ ਪ੍ਰਗਟਾਵਾ ਕੀਤਾ ਗਿਆ ਹੈ—

ਨਿੰਦਕ ਕੇ ਮੁਖਿ ਲਾਗੇ ਡਾਰ । 26
ਨਿੰਦਕ ਕੇ ਮੁਖਿ ਕੀਨੋ ਰੋਗ ।

ਜਨ ਨਿਰਵੈਰ ਨਿੰਦਕ ਅਹੰਕਾਰੀ, ਜਨ ਭਲ ਮਾਨਹਿ ਨਿੰਦਕ ਵੇਕਾਰੀ ।
ਜਨ ਉਬਰੇ ਨਿੰਦਕ ਨਰਕਿ ਪਾਇਆ । 27

ਭਾਵਾਂ ਦੀ ਗਿਣਤੀ ਇਥੇ ਹੀ ਬਸ ਨਹੀਂ ਹੁੰਦੀ ਸਗੋਂ ਪ੍ਰਭੂ ਅਤੇ ਆਤਮਾ ਦਾ ਬਿਆਨ ਕਰਦਿਆਂ ਅਸਚਰਜਤਾ ਦੇ ਭਾਵ ਵੀ ਪ੍ਰਗਟਾਏ ਗਏ ਹਨ—

ਸਭ ਕਰਤਾ ਸਭੁ ਭੁਗਤਾ, ਸੁਨਤੋ ਕਰਤਾ ਪੇਖਤ ਕਰਤਾ । 28

ਅਸਚਰਜ ਕਥਾ ਮਹਾ ਅਨੂਪ. ਪ੍ਰਾਤਮਾ ਪਾਰਬ੍ਰਹਮ ਕਾ ਰੂਪ । 29

ਇਸ ਰਾਗ ਦੀ ਬਾਣੀ ਵਿਕ ਇੰਨ੍ਹਾਂ ਭਾਵਾਂ ਦਾ ਪ੍ਰਗਟਾਵਾ ਹੋਇਆ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਾਰੇ ਭਾਵ ਗੋਂਡ ਰਾਗ ਰਾਹੀਂ ਪ੍ਰਗਟ ਹੋ ਸਕਦੇ ਹਨ । ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਸੁਰ ਸੁਧ ਰੂਪ ਵਿੱਚ ਪ੍ਰਯੋਗ ਹੁੰਦੇ ਹਨ । ਇਸ ਲਈ ਇਸ ਰਾਗ ਵਿਚ ਸ਼ਿੰਗਾਰ ਰਸੀ ਭਾਵ ਪ੍ਰਗਟ ਹੋ ਸਕਦੇ ਹਨ । ਇਸ ਦਾ ਸਥਾਈ ਸੁਰ ਸ਼ਡਜ ਹੈ ਇਸ ਲਈ ਇਹ ਰਾਗ ਵੀਰ, ਰੌਦਰ ਅਤੇ ਅਦਭੁਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਵੀ ਅਨੁਕੂਲ ਹੈ । 30.

ਚਲਦਾ .....

## ਫੁੱਟ ਨੋਟ ਤੇ ਹਵਾਲੇ

1. ਗੁਰੂ ਅਰਗਨ ਦੇਵ ਜੀ, ਆਦ ਗਰੰਥ, ਪੰਨਾ 737
2. ਗੁਰੂ ਨਾਨਕ ਦੇਵ ਜੀ. ਆਦਿ ਗਰੰਥ ਪੰਨਾ 750
3. ਉਹੀ ਕੁਚੱਜੀ, ਆਦਿ ਗਰੰਥ, ਪੰਨਾ 762
4. ਉਹੀ ਕੁਚੱਜੀ, ਆਦਿ ਗਰੰਥ, ਪੰਨਾ 762
5. ਉਹੀ ਆਦਿ ਗਰੰਥ, ਪੰਨਾ 764
6. ਗੁਰੂ ਰਾਮ ਦਾਸ ਜੀ, ਆਦਿ ਗਰੰਥ ਪੰਨਾ 773
7. ਗੁਰੂ ਅਮਰ ਦਾਸ ਜੀ ਆਦਿ ਗਰੰਥ ਪੰਨਾ 788
8. ਉਹੀ ਆਦਿ ਗਰੰਥ ਪੰਨਾ 787
9. ਪਹਿਲੇ ਬਸੰਤੇ ਆਗਮਨਿ ਪਹਿਲਾ ਮਉਲਿਓ ਸੋਇ ।
   ਗੁਰੂ ਨਾਨਕ ਦੇਵ ਜੀ, ਆਦਿ ਗਰੰਥ ਪੰਨਾ 79
   ਨਾਨਕ ਤਿਨਾ ਬਸੰਤੁ ਹੈ ਜਿਨਿ ਘਰਿ ਵਸਿਆ ਕੰਤੁ ।
   ਗੁਰੂ ਅੰਗਦ ਦੇਵ ਜੀ, ਆਦਿ ਗਰੰਥ ਪੰਨਾ 79
   ਪਹਿਲ ਬਸੰਤੇ ਆਗਮਨਿ ਤਿਸਕਾ ਕਰਹੁ ਬੀਚਾਰ ।
   ਗੁਰੂ ਅੰਗਦ ਦੇਵ ਜੀ, ਆਦਿ ਗਰੰਥ ਪੰਨਾ 79
10. ਮਾਸਟਰ ਪ੍ਰੇਮ ਸਿੰਘ, ਗੁਰਮਤਿ ਸੰਗੀਤਰਤਨ ਭੰਡਾਰ ਪੰਨਾ 59
11. ਗੁਰੂ ਨਾਨਕ ਦੇਵ ਜੀ, ਆਦਿ ਗਰੰਥ ਪੰਨਾ 844
12. ਗੁਰੂ ਰਾਮ ਦਾਸ ਜੀ, ਆਦਿ ਗਰੰਥ ਪੰਨਾ 836
13. ਗੁਰੂ ਅਰਜਨ ਦੇਵ ਜੀ, ਆਦਿ ਗਰੰਥ ਪੰਨਾ 806
14. ਉਹੀ ਉਹੀ ਪੰਨਾ 845
15. ਕ੍ਰਮਕ ਪੁਸਤਕ ਗਲਿਕਾ (ਪਾਂਚਵੀ ਪੁਸਤਕ) ਪੰਨਾ 27

16. ਸੰਗਤ ਸਿੰਘ, ਰਾਜਸਥਾਨੀ ਚਿਤਰਕਲਾਂ ਮੇਂ ਰਾਗੋਂ ਕਾ ਸਰੂਪ ਨਿਬੰਧ ਸੰਗੀਤ ਪੰਨਾ 437
17. ਗੁਰੂ ਅਰਜਨ ਦੇਵ ਜੀ, ਆਦਿ ਗਰੰਥ ਪੰਨਾ 847
18. ਉਹੀ ਉਹੀ ਪੰਨਾ 807
19. ਮਾਸਟਰ ਪ੍ਰੇਮ ਸ਼ਿੰਘ. ਗੁਰਮਤ ਸੰਗੀਤ ਰਤਨ ਭੰਡਾਰ ਪੰਨਾ 63
20. ਗੁਰੂ ਰਾਮ ਦਾਸ ਜੀ. ਆਦਿ ਗਰੰਥ ਪੰਨਾ 861
21. ਗੁਰੂ ਅਰਜਨ ਦੇਵ ਜੀ, ਆਦਿ ਗਰੰਥ ਪੰਨਾ 865
22. ਉਹੀ ਉਹੀ ਪੰਨਾ 865
23. ਉਹੀ ਉਹੀ ਪੰਨਾ 866
24. ਉਹੀ ਉਹੀ ਪੰਨਾ 866
25. ਨਰਾਇਣ ਕਰਤ ਜਸੁ ਭਾਗਿ ਪਲਾਇਣ।
ਨਰਾਇਣ ਦੰਤ ਭਾਨੇ ਡਾਇਣ।
ਗੁਰੂ ਅਰਜਨ ਦੇਵ ਜੀ, ਆਦਿ ਗਰੰਥ ਪੰਨਾ 868
26. ਉਹੀ ਉਹੀ ਪੰਨਾ 868
27. ਉਹੀ ਉਹੀ ਪੰਨਾ 869
28. ਉਹੀ ਉਹੀ ਪੰਨਾ 862
29. ਉਹੀ ਉਹੀ ਪੰਨਾ 868
30. ਬ੍ਰਿਹਿਮਪਤਾ ਭਰਤ ਦਾ ਸੰਗੀਤ ਸਿਧਾਂਤ ਪੰਨਾ 270

## ਰਾਗੀਆਂ, ਰਬਾਬੀਆਂ ਅਤੇ ਰਸੀਆਂ ਨੂੰ ਬੇਨਤੀ

* ਆਉਂਦੀਆਂ ਗਰਮੀਆਂ ਵਿਚ ਸਿੱਖ ਜਗਤ ਨਾਲ ਸਬੰਧਤ ਆਪਣੀਆਂ ਲੱਭਤਾਂ ਦੀਆਂ ਨੁਮਾਇਸ਼ਾਂ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਇਹ ਪ੍ਰਦਰਸ਼ਨੀਆਂ ਇੰਗਲੈਂਡ, ਕਨੇਡਾ, ਅਮਰੀਕਾ, ਪਾਕਿਸਤਾਨ ਅਤੇ ਭਾਰਤ ਵਿਚ ਵੀ ਲਾਈਆਂ ਜਾਣਗੀਆਂ । ਸਿੱਖ ਕੀਰਤਨ ਪਰੰਪਰਾ ਦੇ ਰਾਗੀ ਅਤੇ ਰਬਾਬੀ ਇਹਨਾਂ ਦਾ ਮੁੱਖ ਅੰਗ ਹਨ।

ਸੰਸਾਰ ਭਰ ਦੇ ਨਵੇਂ ਪੁਰਾਣੇ ਰਾਗੀਆਂ, ਰਬਾਬੀਆਂ ਅਤੇ ਰਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ ਵਿਸ਼ੇ ਨਾਲ ਸਬੰਧਤ ਲਿਖਤਾਂ, ਹੱਥ ਲਿਖਤਾਂ, ਪੁਰਾਣੇ ਤਵਿਆਂ ਅਤੇ ਪੁਰਾਣੀਆਂ/ਨਵੀਆਂ ਅਦੁੱਤੀ ਤਸਵੀਰਾਂ ਇਸ ਪਤੇ ਤੇ ਭੇਜ ਕੇ ਧੰਨਵਾਦੀ ਬਣਾਉਣ। ਦਾਨੀ ਸੱਜਣਾਂ ਦੇ ਨਾਂ ਕੈਟਲਾਗ ਵਿਚ ਦਿੱਤੇ ਜਾਣਗੇ।

ਬਲਬੀਰ ਸਿੰਘ ਕੰਵਲ

Balbir Singh Kanwal, 2-Albert Road,
ILFORD-ESSEX IGI - HIL U.K.

# ਗੁਰੂ ਨਾਨਕ ਦੇਵ ਜੀ ਅਤੇ ਸੰਗੀਤ

ਓਸ਼ੋ (ਰਜਨੀਸ਼)

ਇੱਕ ਸੂਫੀ ਕਹਾਣੀ ਹੈ। ਇੱਕ ਸਮ੍ਰਾਟ ਆਪਣੇ ਵਜ਼ੀਰ ਉਤੇ ਨਾਰਾਜ਼ ਹੋ ਗਿਆ। ਅਤੇ ਉਸ ਨੇ ਵਜ਼ੀਰ ਆਕਾਸ਼ ਨੂੰ ਛੋਹੰਦੀ ਇੱਕ ਮੀਨਾਰ ਵਿੱਚ ਕੈਦ ਕਰ ਦਿਤਾ। ਉਥੋਂ ਕੁੱਦ ਕੇ ਨੱਠ ਜਾ ਕੋਈ ਉਪਾਇ ਨਹੀਂ ਸੀ। ਕੁੱਦ ਕੇ ਨੱਠਦਾ ਤਾਂ ਪ੍ਰਾਣ ਹੀ ਨਿਕਲ ਜਾਂਦੇ। ਪਰ ਵਜ਼ੀਰ ਜਦੋਂ ਕੈਦ ਕੀਤਾ ਜਾ ਰਿਹਾ ਸੀ, ਤੋਂ ਉਸ ਨੇ ਆਪਣੀ ਪਤਨੀ ਦੇ ਕੰਨ ਵਿੱਚ ਕੁਝ ਕਿਹਾ।

ਪਹਿਲੀ ਹੀ ਰਾਤੀਂ ਪਤਨੀ ਮੀਨਾਰ ਦੇ ਨੇੜੇ ਗਈ। ਉਸ ਨੇ ਇੱਕ ਸਾਧਾਰਣ ਜਿਹਾ ਕੀੜਾ ਕੰਧ ਉਪੱਰ ਛੱਡਿਆ ਅਤੇ ਉਸ ਕੀੜੇ ਦੀਆਂ ਮੁੱਛਾਂ ਉਤੇ ਸ਼ਹਿਦ ਲੱਗਾ ਦਿੱਤਾ। ਕੀੜੇ ਨੂੰ ਸ਼ਹਿਦ ਖੁਸ਼ਬੂ ਆਈ। ਸ਼ਹਿਦ ਨੂੰ ਖਾਣ ਦੀ ਖਾਤਰ ਕੀੜਾ ਮੀਨਾਰ ਦੇ ਉਪਰਲੇ ਪਾਸੇ ਵੱਲ ਖਿਸਕਣ ਲੱਗਾ। ਮੁੱਛਾਂ ਤੇ ਸ਼ਹਿਦ ਲੱਗਿਆ ਹੋਇਆ ਸੀ। ਸੋ ਮਹਿਕ ਤਾਂ ਆਉਂਦੀ ਹੀ ਰਹੀ। ਅਤੇ ਕੀੜਾ ਸ਼ਹਿਦ ਦੀ ਭਾਲ ਵਿੱਚ ਸਰਕਦਾ ਗਿਆ। ਉਸ ਕੀੜੇ ਦੀ ਪੂਛ ਨਾਲ ਪਤਨੀ ਨੇ ਇੱਕ ਬਾਰੀਕ ਰੇਸ਼ਮ ਦਾ ਧਾਗਾ ਬੰਨ੍ਹਿਆਂ ਹੋਇਆ ਸੀ। ਸਰਕਦਾ ਸਰਕਦਾ ਕੀੜਾ ਉਸ ਤਿੰਨ ਸੋ ਫੁੱਟ ਉੱਚੀ ਮੀਨਾਰ ਦੇ ਆਖ਼ਰੀ ਸਿਰੇ ਤੇ ਪੁੱਜ ਗਿਆ। ਵਜ਼ੀਰ ਅੱਗੇ ਹੀ ਉਥੇ ਇੰਤਜ਼ਾਰ ਕਰ ਰਿਹਾ ਹੀ। ਉਸ ਨੇ ਕੀੜੇ ਨੂੰ ਚੁੱਕ ਲਿਆ, ਪਿੱਛੇ ਬੰਨ੍ਹਿਆਂ ਹੋਇਆ ਰੇਸ਼ਮ ਦਾ ਧਾਗਾ ਪੁੱਜ ਗਿਆ। ਰੇਸ਼ਮ ਦੇ ਧਾਗੇ ਵਿੱਚ ਇੱਕ ਪਤਲੀ ਜਿਹੀ ਸੂਤਲੀ ਬੱਝੀ ਹੋਈ ਸੀ, ਉਸ ਸੂਤਲੀ ਵਿੱਚ ਇੱਕ ਮੋਟਾ ਰੱਸਾ ਬੰਨ੍ਹਿਆ ਹੋਇਆ ਸੀ। ਅਤੇ ਵਜ਼ੀਰ ਰੱਸੇ ਦੇ ਸਹਾਰੇ ਉਤਰ ਕੇ ਕੈਦ ਤੋਂ ਮੁਕਤ ਹੋ ਗਿਆ।

ਕਹਾਣੀ ਕਹਿੰਦੀ ਹੈ, ਕਿ ਵਜ਼ੀਰ ਨਾ ਕਿ ਇਸ ਕੈਦ ਤੋਂ ਮੁਕਤ ਹੋਇਆ, ਸਗੋਂ ਉਸਨੂੰ ਉਸ ਮੁਕਤ ਹੋਣ ਦੇ ਢੰਗ ਵਿੱਚੋਂ ਜੀਵਨ ਦੀ ਆਖਰੀ ਕੈਦ ਵਿਚੋਂ ਮੁਕਤ ਹੋਣ ਦਾ ਵੀ ਸੂਤਰ ਮਿਲ ਗਿਆ।

ਪਤਲਾ ਜਿਹਾ ਧਾਗਾ ਵੀ ਪਕੜ ਵਿੱਚ ਆ ਜਾਏ ਤਾਂ ਛੁਟਕਾਰੇ ਵਿੱਚ ਕੋਈ ਰੁਕਾਵਟ ਨਹੀਂ ਹੈ। ਪਤਲੇ ਤੋਂ ਪਤਲਾ ਧਾਗਾ ਵੀ ਮੁਕਤੀ ਦਾ ਰਾਹ ਬਣ ਸਕਦਾ ਹੈ। ਪਰ ਧਾਗਾ ਪਕੜ ਵਿੱਚ ਆ ਜਾਏ। ਇੱਕ ਨਿੱਕੀ ਜ਼ਿਹੀ ਕਿਰਨ ਪਛਾਣ ਵਿੱਚ ਆ ਜਾਏ ਤਾਂ ਉਸੇ ਕਿਰਣ ਦੇ ਸਹਾਰੇ ਅਸੀਂ ਸੂਰਜ ਤੱਕ ਪੁੱਜ ਸਕਦੇ ਹਾਂ।

ਸਾਰੇ ਧਰਮ, ਸਾਰੇ ਗੁਰੂ ਕਿਸੇ ਪਤਲੇ ਜਿਹੇ ਧਾਗੇ ਨੂੰ ਫੜ ਕੇ ਹੀ ਪਰਮਾਤਮਾਂ ਤੱਕ ਪੁੱਜੇ ਹਨ। ਉਹ ਧਾਗੇ ਅਨੇਕ ਹੋ ਸਕਦੇ ਹਨ। ਅਨੇਕ ਤਰ੍ਹਾਂ ਦੇ ਕੀੜਿਆਂ ਉਤੇ ਧਾਗਾ ਬੰਨ੍ਹਿਆ ਜਾ ਸਕਦਾ ਹੈ। ਅਤੇ ਜ਼ਰੂਰੀ ਨਹੀਂ ਕੀੜੇ ਦੀ ਮੁੱਛ ਉਤੇ ਸ਼ਹਿਦ ਹੀ ਲਾਇਆ ਜਾਏ। ਕੁਝ ਹੋਰ ਵੀ ਲਾਇਆ ਜਾ ਸਕਦਾ ਹੈ। ਉਹ ਮਾਮੂਲੀ ਗੱਲਾਂ ਹਨ। ਅਸਲੀ ਗੱਲ ਇਹ ਹੈ ਕਿ ਧਾਗਾ ਕੈਦੀ ਤੱਕ ਪੁੱਜ ਜਾਏ। ਧਾਗਾ ਹੀ ਫ਼ਿਰ ਮੁਕਤੀ ਦਾ ਸੇਤੂ

ਬਣ ਜਾਂਦਾ ਹੈ।

ਨਾਨਕ ਨੇ ਜੋ ਧਾਗਾ ਫੜਿਆ ਹੈ, ਉਹ ਧਾਗਾ ਬਹੁਤ ਸਾਫ਼ ਅਤੇ ਸਪਸ਼ੱਟ ਹੈ। ਪਰ ਚੂੰਕਿ ਅਸੀਂ ਬੋਲੇ ਅਤੇ ਅੰਨ੍ਹੇ ਹਾਂ, ਇਸ ਲਈ ਸਾਨੂੰ ਸੁਣਾਈ ਨਹੀਂ ਦਿੰਦਾ।

ਜੀਵਨ ਨੂੰ ਤੁਸੀਂ ਗੌਰ ਨਾਲ ਵੇਖੋਗੇ ਤਾਂ ਕੁਦਰਤ ਵਿੱਚ ਜਿਹੜੀ ਸਭ ਤੋਂ ਜ਼ਿਆਦਾ ਪ੍ਰਗਟ ਗੱਲ ਵਿਖਾਈ ਦਿੰਦੀ ਹੈ ਉਹ ਹੈ, 'ਗੀਤ'। ਪੰਛੀ ਅਜੇ ਵੀ ਗਾ ਰਹੇ ਹਨ। ਸਵੇਰ ਹੁੰਦੇ ਹੀ ਪੰਛੀਆਂ ਦੇ ਗੀਤ ਸ਼ੁਰੂ ਹੋ ਜਾਂਦੇ ਹਨ। ਹਵਾਵਾਂ ਦੇ ਬੁੱਲੇ ਦਰੱਖਤਾਂ ਨਾਲ ਟਕਰਾਉਂਦੇ ਹਨ ਅਤੇ ਗਾਉਂਦੇ ਹਨ। ਪਹਾੜਾਂ ਤੋਂ ਝਰਨੇ ਡਿੱਗਦੇ ਹਨ ਤੇ ਨਾਦ ਪੈਦਾ ਹੁੰਦਾ ਹੈ। ਆਕਾਸ਼ ਵਿੱਚ ਬਦੱਲ ਆਉਂਦੇ ਹਨ ਅਤੇ 'ਤੁਮੁਲਘੋਸ਼' ਹੁੰਦਾ ਹੈ। ਜੀਵਨ ਨੂੰ ਤੁਸੀਂ ਚੋਹਾਂ ਪਾਸਿਆਂ ਤੋਂ ਗੌਰ ਨਾਲ ਵੇਖੋ ਅਤੇ ਸੁਣੋ, ਤਾਂ ਤੁਹਾਨੂੰ ਪੂਰੀ ਕੁਦਰਤ ਗਾਉਂਦੀ ਪ੍ਰਤੀਤ ਹੋਵੇਗੀ।

ਗੀਤ ਤੋਂ ਜਿਆਦਾ ਸਪੱਸਟ ਅਸਤਿਤਵ ਵਿੱਚ ਹੋਰ ਕੋਈ ਗੱਲ ਨਹੀਂ ਹੈ। ਸਿਰਫ਼ ਜਿਸ ਵੇਲੇ ਜੀਵਨ ਸ਼ਾਂਤ ਹੋ ਜਾਂਦਾ ਹੈ, ਮਰ ਜਾਂਦਾ ਹੈ ਤਦ ਹੀ ਗੀਤ ਬੰਦ ਹੁੰਦਾ ਹੈ। ਜਦ ਕੋਈ ਮਰ ਜਾਂਦਾ ਹੈ, ਤਦ ਹੀ ਧੁਨੀ ਗੁਮ ਹੋ ਜਾਦੀ ਹੈ। ਨਹੀਂ ਤਾਂ ਜੀਵਨ ਵਿੱਚ ਧੁਨੀ ਹੈ। ਪਰ ਆਦਮੀ ਬੋਲਾ ਹੈ। ਇਸ ਲਈ ਸਾਫ਼ ਧਾਗਾ ਹੱਥ ਵਿੱਚ ਹੁੰਦੇ ਹੋਏ ਵੀ ਪਕੜ ਵਿੱਚ ਨਹੀਂ ਆਉਂਦਾ।

ਜੇਕਰ ਜੀਵਨ ਏਨਾ ਗੀਤ ਨਾਲ ਭਰਿਆ ਹੈ ਤਾਂ ਇਸ ਗੀਤ ਦੇ ਪਿੱਛੇ ਪਰਮਾਤਮਾ ਦਾ ਹੱਥ ਹੋਵੇਗਾ। ਅਤੇ ਇਸ ਗੀਤ ਵਿੱਚ ਲੁੱਕਿਆ ਹੋਇਆ ਕਿਤੇ ਨਾ ਕਿਤੇ ਪਰਮਾਤਮਾ ਹੈ। ਜੇਕਰ ਅਸੀਂ ਵੀ ਗਾ ਸਕੀਏ ਜ਼ੇਕਰ ਅਸੀਂ ਵੀ ਇਸ ਗੀਤ ਵਿੱਚ ਲੀਨ ਹੋ ਸਕੀਏ, ਤਾਂ ਧਾਗਾ ਹੱਥ ਵਿੱਚ ਆ ਜਾਵੇਗਾ। ਗੀਤ ਵਿੱਚ ਲੀਨ ਹੋਣਾ ਧਾਗਾ ਹੈ। ਫਿਰ ਇਸ ਸੰਸਾਰ ਦੀ ਕੈਦ ਤੋਂ ਪਰਮਾਤਮਾ ਦੇ ਮੋਖ਼ਸ਼ ਤੱਕ ਜਾਣ ਵਿੱਚ ਦੇਰ ਨਹੀਂ।

ਨਾਨਕ ਨੇ ਗੀਤ ਨੂੰ ਸਾਧਨਾ ਦਾ ਮਾਧਿਅਮ ਬਣਾਇਆ ਹੈ। ਤੁਹਾਨੂੰ ਵੀ, ਜਦ ਕਦੀ ਤੁਸੀਂ ਗਾਉਂਦੇ ਹੋ ਤਦ ਇੱਕ ਮਸਤੀ ਫੜਣ ਲੱਗਦੀ ਹੈ। ਤਦ ਇੱਕ ਨਸ਼ਾ ਛਾਣ ਲੱਗਦਾ ਹੈ। ਪਰ ਲੋਕ ਗਾਉਂਣ ਤੋਂ ਡਰ ਗਏ ਹਨ। ਕੋਈ ਪੰਛੀ ਇਸ ਦੀ ਚਿੰਤਾ ਨਹੀਂ ਕਰਦਾ, ਕਿ ਉਸਦੀ ਧੁਨ ਮਿੱਠੀ ਹੈ ਕਿ ਨਹੀਂ, ਆਦਮੀ ਬਹੁਤ ਡਰਪੋਕ ਹੋ ਗਿਆ ਹੈ। ਥੋੜ੍ਹੇ ਜਿਹੇ ਲੋਕ ਗਾ ਸਕਦੇ ਹਨ। ਜਿਨ੍ਹਾਂ ਦੀ ਧੁਨੀ ਬਹਤ ਮਧੁਰ ਹੋਵੇ। ਬਾਕੀ ਲੋਕ ਬਹੁਤੇ ਤੋਂ ਬਹੁਤੇ ਗ਼ੁਸਲਖਾਨੇ ਵਿੱਚ ਥੋੜਾ ਗੁਣ ਗੁਣਾਉਂਦੇ ਹਨ। ਉਹ ਵੀ ਡਰੇ ਡਰੇ। ਗੁਸਲਖਾਨੇ ਵਿੱਚ ਗੁਣ ਗੁਣਾਉਂਦੇ ਹਨ, ਕਿਉਂਕਿ ਕੋਈ ਵੇਖਣ ਵਾਲਾ ਨਹੀਂ, ਕੋਈ ਸੁਣਨ ਵਾਲਾ ਨਹੀਂ ਅਤੇ ਧਿਆਨ ਰੱਖਣਾ, ਇਸ਼ਨਾਨ ਨਾਲ ਵੀ ਤੁਹਾਨੂੰ ਏਨੀ ਤਾਜ਼ਗੀ ਨਹੀਂ ਮਿਲਦੀ, ਜਿੰਨੀ ਗੁਣਗੁਣਾਉਂਣ ਨਾਲ ਮਿਲਦੀ ਹੈ। ਕਿਉਂਕਿ ਇਸ਼ਨਾਨ ਤਾਂ ਸ਼ਰੀਰ ਨੂੰ ਉਪੱਰ ਉਪਰ ਹੀ ਛੂਹੰਦਾ ਹੈ. ਗੁਣਗੁਣਾਹਟ ਅੰਦਰ ਉਤਰ ਜਾਂਦੀ ਹੈ ਅਤੇ ਜਿਹੜਾ ਆਦਮੀ ਗੁਣ ਗੁਣਾਉਂਣਾ ਨਹੀਂ ਜਾਣਦਾ ਉਸ ਆਦਮੀ ਦੇ ਸਾਰੇ ਸੰਬੰਧ ਪਰਮਾਤਮਾ ਨਾਲੋਂ ਟੁੱਟ ਜਾਂਦੇ ਹਨ। ਉਹ ਅਸਤਿਤਵ ਤੋਂ ਦੂਰ ਹੋ ਗਿਆ। ਉਹ ਜੀਉਂਦੇ ਜੀਅ ਮੁਰਦਾ ਹੈ।

ਕਬੀਰ ਨੇ ਕਿਹਾ ਹੈ, ਕਿ 'ਈ ਮੁਰਦਨ ਕੇ ਗਾਂਵ'। ਸਾਡੇ ਪਿੰਡ ਦੇ ਲਈ ਕਿਹਾ, ਕਿ ਇਹ ਮੁਰਦਿਆਂ ਦੇ ਪਿੰਡ ਹਨ। ਜ਼ਿੰਦਗੀ ਦਾ ਗੀਤ ਏਥੇ ਗੂੰਜਦਾ ਹੀ ਨਹੀਂ। ਨਾ

ਕੋਈ ਅਹੋਭਾਵ ਵਿੱਚ ਨੱਚਦਾ ਹੈ ਨਾ ਕੋਈ ਭਰੇ ਪੂਰੇ ਹਿਰਦੇ ਨਾਲ ਜੀਉਂਦਾ ਹੈ । ਤੇ ਨਾ ਹੀ ਕੋਈ ਆਪਣੇ ਗੀਤ ਵਿੱਚ ਡੁੱਬਦਾ ਹੈ ।

ਇਹ ਸਵਾਲ ਨਹੀਂ ਹੈ ਕਿ ਸੁਰ ਮਿੱਠਾ ਹੈ ਜਾਂ ਨਹੀਂ। ਕਿਉਂਕਿ ਗੀਤ ਕੋਈ ਬਜ਼ਾਰ ਵਿੱਚ ਵੇਚਣ ਲਈ ਨਹੀਂ, ਗੀਤ ਤਾਂ ਅਹੋਭਾਵ ਲਈ ਹਨ । ਅਤੇ ਗੀਤ ਦੀ ਅਸਲੀ ਸਾਰਥਕਤਾ ਉਸਦੇ ਮਿੱਠੇਪਨ ਵਿੱਚ ਨਹੀਂ, ਉਸਦੀ ਲੀਨਤਾ ਵਿੱਚ ਹੈ ।

ਤੁਸੀਂ ਉਸ ਵਿੱਚ ਲੀਨ ਹੋ ਸਕਦੇ ਹੋ। ਤੁਸੀਂ ਉਸ ਵਿੱਚ ਏਨੇ ਲੀਨ ਹ ਸਕਦੇ ਹੋ ਕਿ ਤੁਸੀਂ ਬਿਲਕੁੱਲ ਮਿਟ ਹੀ ਜਾਓ । ਤੁਸੀਂ ਬਚ ਹੀ ਨਾ ਗੀਤ ਹੀ ਬਚੇ । ਗੁਣਗੁਣਾਹਟ ਰਹਿ ਜਾਏ ਤੇ ਕਰਤਾ ਗੁਆਚ ਜਾਏ । ਗੀਤ ਹੀ ਬਚ ਅਤੇ ਗਾਇਕ ਸਮਾਪਤ ਹੋ ਜਾਏ । ਇਹ ਹੋ ਸਕਦਾ ਹੈ । ਅਤੇ ਇਹ ਸਰਲਤਮ ਹੈ । ਇਸ ਤੋਂ ਬਹੁਤਾ ਸਰਲ ਧਾਗਾ ਤੁਸੀਂ ਨਹੀਂ ਪਾ ਸਕੋਗੇ। ਪੰਛੀ ਗਾ ਲੈਂਦੇ ਹਨ, ਪੌਦੇ ਗੁਣਗੁਣਾਂ ਲੈਂਦੇ ਹਨ, ਝਰਨੇ ਗਾਉਂਦੇ ਹਨ ਤੁਸੀਂ ਏਨੇ ਅਸਮਰੱਥ ਹੋ ਕਿ ਝਰਨਿਆ ਦਾ ਮਕਾਬਲਾ ਵੀ ਨਹੀਂ ਕਰ ਸਕਦੇ ਕਿ ਪੰਛੀਆਂ ਦਾ ਮੁਕਾਬਲਾ ਵੀ ਨਹੀਂ ਕਰ ਸਕਦੇ ਕਿ ਦਰੱਖ਼ਤਾਂ ਨਾਲ ਵੀ ਹੋੜ ਨਹੀਂ ਕਰ ਸਕਦੇ ?

ਪਰ ਤੁਸੀਂ ਡਰ ਗਏ ਹੋ । ਅਤੇ ਤੁਸੀਂ ਗੀਤ ਨੂੰ ਬਾਜ਼ਾਰ ਵਿੱਚ ਖੜਾ ਕਰ ਦਿੱਤਾ ਹੈ ਤੁਸੀਂ ਗੀਤ ਨੂੰ ਵੇਚਦੇ ਹੋ ਅਤੇ ਫਿਰ ਇੱਕ ਮਜ਼ੇਦਾਰ ਘਟਨਾ ਵਾਪਰਦੀ ਹੈ ਕਿ ਜਦ ਗੀਤ ਬਿਕਦਾ ਹੈ, ਤਾਂ ਸਾਰੇ ਨਹੀਂ ਗਾ ਸਕਦੇ । ਕਿਉਂਕਿ ਤਦ ਗੀਤ ਜੀਵਨ ਦਾ ਸਹਿਜ ਕ੍ਰਿਤਯ (ਕੰਮ) ਨਹੀਂ ਰਹਿ ਜਾਂਦਾ । ਬਾਜ਼ਾਰ ਦੀ ਸਮਗਰੀ ਹੋ ਗਈ । ਫ਼ਿਰ ਤੁਸੀਂ ਸੋਚੋਗੇ ਧੁਨੀ ਯੋਗ ਹੈ ਜਾਂ ਨਹੀਂ । ਪੜ੍ਹਾਈ ਹੋਈ ਜਾਂ ਨਹੀਂ। ਤੁਸੀਂ ਸੰਗੀਤ ਸਿਖਿਆ ਹੈ ਜਾਂ ਨਹੀਂ ਕੋਈ ਪੰਛੀ ਸੰਗੀਤ ਸਿੱਖਣ ਨਹੀਂ ਜਾਂਦਾ । ਕੋਈ ਝਰਨਾ ਸੰਗੀਤ ਸਿੱਖਣ ਨਹੀਂ ਜਾਂਦਾ । ਸੰਗੀਤ ਤਾਂ ਜੀਵਨ ਦੀ ਸਹਿਜ ਸਰਿਤਾ ਹੈ ਸਿੱਖਣ ਦਾ ਕੋਈ ਸਵਾਲ ਨਹੀਂ । ਸੰਗੀਤ ਉਥੇ ਅਣਸਿਖਿਆ ਮੌਜੂਦ ਹੈ । ਸਿਰਫ ਥੋੜੀ ਜਿਹੀ ਹਿੰਮਤ ਇਕੱਠੀ ਕਰਨ ਦੀ ਲੋੜ ਹੈ । ਜ਼ਰਾ ਪਾਗਲ ਹੋਣ ਦੀ ਹਿੰਮਤ ਚਾਹੀਦੀ ਹੈ, ਸੰਗੀਤ ਫੁਟ ਪਏਗਾ ਅਤੇ ਜਦ ਪੰਛੀ ਯੂਨੀਵਰਸਟੀ ਵਿੱਚ ਨਹੀਂ ਜਾਂਦੇ ਤਾਂ ਤੁਹਾਨੂੰ ਜਾਣ ਦੀ ਕੀ ਜਰੂਰਤ ਹੈ ? ਲੇਕਿਨ ਪੰਛੀਆਂ ਨੂੰ ਚਿੰਤਾ ਨਹੀਂ ਕਿ ਕੌਣ ਕੀ ਕਹਿੰਦਾ ਹੈ ? ਪੰਛੀਆਂ ਨੂੰ ਇਹ ਵਿਚਾਰ ਨਹੀਂ ਕਿ ਬਾਜ਼ਾਰ ਵਿੱਚ ਇਹ ਵਿਕੇਗਾ ਕਿ ਨਹੀਂ ? ਪੰਛੀ ਆਨੰਦ ਨਾਲ ਗਾਉਂਦੇ ਹਨ ।

ਚੂੰਕਿ ਅਸੀਂ ਗੀਤ ਨੂੰ ਵੇਚਦੇ ਹਾਂ, ਹੌਲੀ-ਹੌਲੀ ਇੱਕ ਦੂਜੀ ਦੁਰਘਟਨਾ ਵਾਪਰਦੀ ਹੈ । ਅਤੇ ਉਹ ਇਹ, ਕਿ ਅਸੀਂ ਗਾ ਤਾਂ ਨਹੀਂ ਸਕਦੇ ਅਸੀਂ ਕੇਵਲ ਸੁਣ ਸਕਦੇ ਹਾਂ ਤਦ Passivity ਪੈਦਾ ਹੁੰਦੀ ਹੈ । ਤਦ ਕੋਈ ਗਾਉਂਦਾ ਹੈ । ਅਸੀਂ ਸੁਣਦੇ ਹਾਂ ਕੋਈ ਨਚਦਾ ਹੈ ਅਸੀਂ ਵੇਖਦੇ ਹਾਂ । ਤੁਸੀਂ ਜ਼ਰਾ ਸੋਚੋ, ਇਹ ਕਿੰਨੀ ਦੀਨਤਾ ਹੈ । ਅਤੇ ਕੋਈ ਦਿਨ ਅਜਿਹਾ ਜਰੂਰ ਆ ਜਾਏਗਾ, ਜਦ ਕੋਈ ਖੁਸ਼ ਹੋਵੇਗਾ, ਅਸੀਂ ਵੇਖਾਂਗੇ ।

ਤੁਸੀਂ ਫਰਕ ਸਮਝਦੇ ਹੋ ? ਕੋਈ ਖੁਸ਼ ਹੁੰਦਾ ਹੈ ਤੁਸੀਂ ਉਸ ਨੂੰ ਵੇਖਦੇ ਹੋ, ਤੁਸੀਂ ਤੇ ਖੁਸ਼ ਹੁੰਦੇ ਹੋ ਇਸ ਵਿਚ ਫਰਕ ਵਿਖਾਈ ਨਹੀਂ ਦਿੰਦਾ? ਕੋਈ ਪ੍ਰੇਮ ਕਰ ਰਿਹਾ ਹੋਵੇ ਅਤੇ ਤੁਸੀ ਵੇਖਦੇ ਹੋ ਇਸ ਵਿੱਚ ਅਤੇ ਤੁਸੀਂ ਪ੍ਰੇਮ ਕਰਦੇ ਹੋ ਇਸ ਵਿੱਚ ਤੁਹਾਨੂੰ ਭੇਦ ਨਹੀਂ ਮਹਿਸੂਸ ਹੁੰਦਾ ? ਵੇਖਣ ਨਾਲ ਕਦੇ ਕੋਈ ਪ੍ਰੇਮ ਨੂੰ ਜਾਣ ਸਕੇਗਾ? ਪ੍ਰੇਮ ਤਾਂ ਕਰ ਕੇ ਹੀ ਜਾਣਿਆ ਜਾ ਸਕੇਗਾ ।

ਦੂਜਾ ਗਾ ਰਿਹਾ ਹੋਵੇ, ਕੋਕਿਲ ਕੰਠ ਹੋਵੇ, ਵੱਡਾ ਸੰਗੀਤਕਾਰ ਹੋਵੇ ਪਰ ਤੁਸੀਂ ਸੁਣ ਕੇ ਵੀ ਸੰਗੀਤ ਨੂੰ ਨਹੀਂ ਜਾਣ ਸਕੋਗੇ । ਇਹ ਤਾਂ ਉਧਾਰ ਹੋ ਗਿਆ । ਕੋਈ ਦੂਜਾ ਗਾ ਰਿਹਾ ਹੈ ਤੁਸੀਂ ਮੁਰਦੇ ਵਾਂਗ ਬੈਠੇ ਸੁਣ ਰਹੇ ਸੋ ਇਸ ਨਾਲ ਤੁਹਾਡਾ ਸੰਗੀਤ ਨਾਲ ਸੰਬੰਧ ਨਹੀਂ ਜੁੜੇਗਾ । ਸੰਗੀਤ ਵਿੱਚ ਉਤਰਨ ਲਈ ਤੁਹਾਨੂੰ ਸਕ੍ਰਿਅ (ਗਤਿ ਵਿੱਚ

ਆਉਂਣਾਂ ਹੋਣਾ ਪਏਗਾ। ਨੱਚ ਕੇ ਹੀ ਨਾਚ ਨੂੰ ਜਾਣਿਆ ਜਾ ਸਕਦਾ ਹੈ, ਦੇਖ ਕੇ ਨਹੀਂ ਵੇਖਣਾ ਤਾਂ Substitute ਹੈ। ਉਹ ਤਾਂ ਪਰਿਪੂਰਕ ਹੈ। ਉਹ ਤਾਂ ਝੂਠਾ ਹੈ। ਅਸਲੀ ਨਹੀ ਹੈ ਪਰਮਾਣਿਕ ਨਹੀਂ ਹੈ।

ਅਤੇ ਆਦਮੀ ਨੇ ਹੌਲੀ-ਹੌਲੀ; ਹੌਲੀ-ਹੌਲੀ ਸਾਰੀਆਂ ਚੀਜ਼ਾਂ ਦੂਜਿਆਂ ਉੱਤੇ ਛੱਡ ਦਿੱਤੀਆਂ ਹਨ। ਕੋਈ ਦੂਜੇ ਕਰਦੇ ਹਨ, ਤੁਸੀਂ ਵੇਖ ਲੈਂਦੇ ਹੋ। ਕੋਈ ਖੇਡਦਾ ਹੈ, ਲੱਖਾਂ ਲੋਕ ਵੇਖਦੇ ਹਨ। ਕੋਈ ਨੱਚਦਾ ਹੈ, ਹਜ਼ਾਰਾਂ ਲੋਕ ਵੇਖਦੇ ਹਨ। ਕੋਈ ਗਾਉਂਦਾ ਹੈ, ਹਜ਼ਾਰਾਂ ਲੋਕ ਸੁਣਦੇ ਹਨ। ਨਾ ਤੁਸੀਂ ਨੱਚਦੇ ਹੋ, ਨਾ ਤੁਸੀਂ ਖੇਡਦੇ ਹੋ : ਤੁਹਾਡੇ ਜੀਉਂਣ ਦਾ ਮਤਲਬ ਕੀ ਹੈ ? ਤੁਸੀਂ ਜ਼ੀਊਂਦੇ ਕਿਉਂ ਹੋ ? ਸਾਰੇ ਕੰਮ ਤਾਂਵਿਸ਼ੇਸੱਗਯ (Specialist) ਪੂਰਾ ਕਰ ਦਿੰਦੇ ਹਨ ?

ਅਤੇ ਹੋਰ ਮਜ਼ੇ ਕੀ ਗੱਲ ਇਹ ਹੈ ਕਿ, ਵੇਖਣ ਵਾਲੇ ਨੂੰ ਵੀ ਉਹ ਪ੍ਰਾਪਤੀ ਨਹੀਂ ਹੋ ਪਾਉਂਦੀ ਅਤੇ ਉਹ ਜਿਹੜਾ ਕਰ ਰਿਹਾ ਹੈ ਉਸ ਨੂੰ ਵੀ ਨਹੀਂ ਹੋ ਪਾਉਂਦੀ। ਕਿਉਂਕਿ ਉਸਦੀ ਨਜ਼ਰ ਪੈਸੇ ਕਮਾਉਣ ਉਤੇ ਹੈ। ਉਹ ਵੀ ਨਾਚ ਆਤਮਾ ਦਾ ਨਹੀਂ ਹੈ, ਅਤੇ ਉਹ ਵੀ ਨਾਚ ਸਿਰਫ਼ ਉਪੱਰਲੀ ਹੋਸ਼ਿਆਰੀ ਦਾ ਹੈ। ਉਸ ਨੂੰ ਕੋਈ ਮਤਲਬ ਨਹੀਂ ਉਹ ਨੱਚ ਰਿਹਾ ਹੀ ਨਹੀਂ। ਉਸ ਦੇ ਅੰਦਰ ਵੀ ਨਾਚ ਏਨੀ ਗਹਿਰਾਈ ਤੱਕ ਨਹੀਂ ਉਤਰਦਾ ਕਿ ਉਸ ਵਿੱਚ ਉਹ ਡੁੱਬ ਜਾਏ। ਕਿਉਂਕਿ ਉਸ ਨਜ਼ਰ ਪੈਸਿਆਂ ਉਤੇ ਲੱਗੀ ਹੋਈ ਹੈ।

ਅਜਿਹਾ ਹੋਇਆ, ਕਿ ਅਕਬਰ ਨੇ ਤਾਨਸੇਨ ਨੂੰ ਪੁੱਛਿਆ ਕਿ ਤੇਰੇ ਗੁਰੂ ਨੂੰ ਮੈਂ ਮਿਲਣਾ ਚਾਹੁੰਦਾ ਹਾਂ। ਕਿਉਂਕਿ ਕੱਲ੍ਹ ਰਾਤੀਂ ਜਦ ਤੂੰ ਗਾ ਕੇ ਵਿਦਾ ਹੋਇਆ, ਤਾਂ ਮੇਰੇ ਮਨ ਵਿੱਚ ਅਜਿਹਾ ਭਾਵ ਸੀ, ਕਿ ਤੇਰੇ ਤੋਂ ਉੱਤਮ ਗਾਇਕ ਨਾ ਤਾਂ ਕਦੇ ਹੋਇਆ ਹੈ ਅਤੇ ਨਾ ਕਦੇ ਹੋਏਗਾ। ਤੂੰ ਪਰਮ ਹੈ। ਤੂੰ ਆਖ਼ਰੀ ਹੈ। ਪਰ ਜਦ ਮੈਂ ਇਹ ਸੋਚ ਰਿਹਾ ਸੀ ਤਦ ਹੀ ਮੈਨੂੰ ਖਿਆਲ ਆਇਆ ਕਿ ਤੂੰ ਵੀ ਕਿਸੇ ਤੋਂ ਸਿੱਖਿਆ ਹੋਵੇਗਾ। ਕੋਈ ਹੋਏਗਾ ਤੇਰਾ ਗੁਰੂ ਤੇਰੇ ਤੋਂ ਵੱਧ ਹੋਵੇ। ਸੋ ਮੈਂ ਤੇਰੇ ਗੁਰੂ ਨੂੰ ਮਿਲਣਾ ਚਾਹੁੰਦਾ ਹਾਂ। ਮੈਂ ਤੇਰੇ ਗੁਰੂ ਨੂੰ ਸੁਣਨਾ ਵੀ ਚਾਹੁੰਦਾ ਹਾਂ।

ਤਾਨਸੇਨ ਨੇ ਕਿਹਾ, ਜ਼ਰਾ ਕੁ ਔਖਾ ਹੈ। ਗੁਰੂ ਮੇਰੇ ਹਨ, ਅਤੇ ਇਸ ਵੇਲੇ ਜੀਉਂਦੇ ਵੀ ਹਨ। ਸੁਣਨਾ ਵੀ ਹੋ ਸਕਦਾ ਹੈ। ਪਰ ਬਹੁਤ ਔਖਿਆਈ ਹੈ। ਉਨ੍ਹਾਂ ਨੂੰ ਦਰਬਾਰ ਵਿੱਚ ਨਹੀਂ ਸੱਦਿਆ ਜ਼ਾ ਸਕਦਾ। ਫ਼ਰਮਾਇਸ਼ ਉਤੇ ਉਹ ਨਹੀਂ ਗਾਉਂਦੇ। ਉਨ੍ਹਾਂ ਦਾ ਗਾਣਾ ਤਾਂ ਪੰਛੀਆਂ ਵਰਗਾ ਹੈ। ਤੁਸੀਂ ਕੋਇਲ ਅੱਗੇ ਕਿੰਨੀ ਹੀ ਪ੍ਰਾਰਥਨਾ ਕਰੋ, ਕਿ ਗਾ। ਤੁਹਾਡੀ ਪ੍ਰਾਰਥਨਾ ਦੀ ਵਜ੍ਹਾ ਨਾਲ ਹੀ, ਕੋਇਲ ਜੇ ਗ਼ਾ ਰਹੀ ਹੋਵੇਗੀ ਤਾਂ ਚੁੱਪ ਹੋ ਜਾਏਗੀ ਕਿ ਕੀ ਮਾਮਲਾ ਹੈ ? ਉਹ ਜਦੋਂ ਗਾਉਂਦੇ ਹਨ ਤਦ ਹੀ ਸੁਣਿਆ ਜਾ ਸਕਦਾ ਹੈ। ਜੇਕਰ ਤੁਸੀਂ ਉਨ੍ਹਾਂ ਨੂੰ ਸੁਣਨਾ ਚਾਹੁੰਦੇ ਹੋ ਤਾਂ ਸਾਨੂੰ ਹੀ ਉਨ੍ਹਾਂ ਦੀ ਕੁਟੀਆ ਦੇ ਕੋਲ ਜਾਣਾ ਪਏਗਾ। ਅਤੇ ਉਹ ਵੀ ਲੁਕ ਕੇ ਸੁਣਿਆ ਜਾ ਸਕਦਾ ਹੈ ਕਿਉਂਕਿ ਅਸੀਂ ਪੁੱਜਾਂਗੇ ਤਾਂ ਸ਼ਾਇਦ ਉਹ ਰੁਕ ਜ਼ਾਣ। ਸੋ ਮੈਂ ਪਤਾ ਕਰਾਂਗਾ ਕਿ ਹੁਣ ਉਹ ਕਦੋਂ ਗਾਉਂਦੇ ਹਨ ਕਿਉਂਕਿ ਜਦੋਂ ਉਹ ਗਾਉਂਦੇ ਹੋਣਗੇ ਤਾਂ ਅਸੀਂ ਛੁਪੇ ਰਹਾਂਗੇ।

ਪਤਾ ਲੱਗਿਆ ਕਿ ਰਾਤ ਨੂੰ ਉਹ ਤਿੰਨ ਵਜੇ ਉਠਦੇ ਹਨ। ਉਹ ਤਾਂ ਫ਼ਕੀਰ ਸਨ। ਹਰੀਦਾਸ ਉਨ੍ਹਾਂ ਦਾ ਨਾਂਉ ਸੀ। ਜਮਨਾਂ ਦੇ ਕੰਢੇ ਉਤੇ ਉਨ੍ਹਾਂ ਦੀ ਕੁਟੀਆ ਹੈ। ਹੁਣ ਉਥੇ ਹੀ ਉਹ ਆਪਣੀ ਕੁਟੀਆਂ ਵਿੱਚ ਗਾਉਂਦੇ ਹਨ। ਆਪਣੀ ਮਸਤੀ ਵਿੱਚ ਗਾਉਂਦੇ ਹਨ। ਉਹ ਗੀਤ ਪੰਛੀਆਂ ਦਾ ਹੈ। ਉਸ ਗੀਤ ਦਾ ਕਿਸੇ ਨਾਲ ਕੁਝ ਲੈਣਾ ਦੇਣਾ ਨਹੀਂ ਹੈ। ਅਕਬਰ ਅਤੇ ਤਾਨਸੇਨ ਰਾਤ ਦੋ ਬਜੇ ਜਾ ਕੇ ਕੁਟੀਆ ਦੇ ਪਿੱਛੇ ਲੁਕ ਗਏ। ਤਿੰਨ ਬਜੇ ਸੰਗੀਤ ਸ਼ੁਰੂ ਹੋਇਆ। ਅਕਬਰ ਮੂਰਤੀ ਦੇ ਵਾਂਗ ਠਗਿਆ ਰਹਿ ਗਿਆ। ਅੱਖਾਂ ਤੋਂ ਅੱਥਰੂ ਝਰ-ਝਰ ਡਿਗਣ ਲੱਗੇ। ਜਦ ਵਾਪਸ ਆਪਣੇ ਰੱਥ ਵਿੱਚ ਪਰਤੇ, ਤਾਂ ਰਸਤੇ ਭਰ ਤਾਨਸੇਨ ਨਾਲ ਕੁਝ ਬੋਲ ਨਹੀਂ ਸਕਿਆ। ਅਜਿਹਾ ਭਾਵ ਨਾਲ ਭਰਿਆ ਕਿ ਭੁੱਲ ਹੀ ਗਿਆ ਤਾਨਸੇਨ ਨੂੰ।

ਮਹਲ ਵਿੱਚ ਉਤਰਨ ਲੱਗਿਆਂ ਏਨਾ ਹੀ ਕਿਹਾ, ਕਿ ਹੁਣ ਤੱਕ ਮੈਂ ਸੋਚਦਾ ਸੀ ਤੇਰਾ ਕੋਈ ਮੁਕਾਬਲਾ ਨਹੀਂ ਹੈ। ਪਰ ਅੱਜ ਸੋਚਦਾ ਹਾਂ ਕਿ ਤੇਰੇ ਗੁਰੂ ਦੇ ਸਾਹਮਣੇ ਤੂੰ ਤਾਂ ਕੁਝ ਵੀ ਨਹੀਂ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਏਨਾ ਫਰਕ ਕਿਉ।

ਤਾਨਸੇਨ ਨੇ ਕਿਹਾ ਫ਼ਰਕ ਪੁੱਛਣ ਦੀ ਵੀ ਜਰੂਰਤ ਹੈ ਕੀ? ਮੈ ਤੁਹਾਡੇ ਲਈ ਗਾਉਂਦਾ ਹਾਂ, ਮੇਰੇ ਗੁਰੂ ਪਰਮਾਤਮਾ ਲਈ ਗਾਉਂਦੇ ਹਨ। ਅਤੇ ਜਦ ਮੈਂ ਗਾਉਂਦਾਂ ਹਾਂ ਤਾਂ ਮੇਰੀ ਨਜ਼ਰ ਤਾਂ ਇਨਾਮ ਉਤੇ ਲੱਗੀ ਹੈ, ਕਿ ਕੀ ਮਿਲੇਗਾ ? ਮੈਂ ਗਾਉਂਦਾ ਹਾਂ ਤਾਕਿ ਕੁਝ ਮਿਲੇ। ਮੇਰਾ ਗਾਉਂਣਾ ਵਿਉਪਾਰ ਹੈ। ਮੇਰੇ ਗੁਰੂ ਕੁਝ ਪ੍ਰਾਪਤ ਕਰਨ ਨਹੀਂ ਗਾਉਂਦੇ ਹਨ। ਠੀਕ ਹਾਲਤ ਉਲਟੀ ਹੈ ! ਮੇਰੇ ਗੁਰੂ ਤਦੋਂ ਹੀ ਗਾਉਂਦੇ ਹਨ ਜਦ ਉਨ੍ਹਾਂ ਨੂੰ ਕੁਝ ਮਿਲਿਆ ਹੁੰਦਾ ਹੈ ਜਦ ਉਹ ਏਨੇ ਭਰੇ ਹੋਏ ਹੁੰਦੇ ਹਨ ਪਰਮਾਤਮਾ ਦੇ ਭਾਵ ਨਾਲ, ਜਦ ਉਨ੍ਹਾ ਨੂੰ ਕੁਝ ਮਿਲਿਆ ਹੁੰਦਾ ਹੈ। ਜਦ ਉਨ੍ਹਾ ਦਾ ਕੰਠ ਭਰਿਆ ਹੁੰਦਾ ਹੈ, ਜਦ ਉਨ੍ਹਾਂ ਦੇ ਹਿਰਦੇ ਵਿੱਚ ਲਹਿਰਾਂ ਉੱਠ ਰਹੀਆਂ ਹੁੰਦੀਆਂ ਹਨ ਜਦ ਉਹ ਪੂਰੀ ਤਰ੍ਹਾਂ ਪੂਰਨ ਹੁੰਦੇ ਹਨ ਉਸਦੇ ਨਾਲ ਨਾਲ ਤਦ ਉਹ ਬਹਿੰਦੇ ਹਨ ਉਨ੍ਹਾਂ ਨੂੰ ਜ਼ਦ ਕੁਝ ਮਿਲਿਆ ਹੋਇਆ ਹੁੰਦਾ ਹੈ ਤਦ ਉਹ ਗਾਉਂਦੇ ਹਨ। ਗਾਣਾ ਉਹ੍ਹਾਂ ਦੀ ਛਾਂ ਦੀ ਤਰ੍ਹਾਂ ਹੈ। ਮਿਲਣਾ ਪਹਿਲਾਂ ਤੇ ਗੀਤ ਬਾਦ ਵਿੱਚ ਹੈ। ਅਤੇ ਮੈਂ ਗਾਉਂਦਾ ਹਾਂ ਮਿਲਣਾ ਤਾਂ ਪਿੱਛੋਂ ਹੈ, ਪਰ ਕਰਮ ਫ਼ਲ ਤੇ ਮੇਰੀ ਨਜ਼ਰ ਲੱਗੀ ਹੋਈ ਹੈ। ਅਤੇ ਇਸ ਲਈ ਮੈਂ ਤੁੱਛ ਹਾਂ ਤੁਸੀਂ ਠੀਕ ਕਹਿੰਦੇ ਹੋ, ਮੇਰੇ ਗੁਰੂ ਨਾਲ ਮੇਰਾ ਕੀ ਮੁਕਾਬਲਾ ? ਮੈਂ ਕਿੰਨਾ ਹੀ ਕੁਸ਼ਲ ਹੋ ਜਾਵਾਂ, ਮੇਰੇ ਹੱਥ ਕਿੰਨੇ ਹੀ ਸਧ ਜਾਣ, ਮੇਰਾ ਗਲਾ ਕਿੰਨਾ ਹੀ ਕੁਸ਼ਲ ਹੋ ਜਾਏ ਲੇਕਿਨ ਆਤਮਾ ਉਸ ਵਿੱਚ ਪ੍ਰਵੇਸ਼ ਨਹੀਂ ਪਾ ਸਕੇਗੀ। ਮੈਂ ਵਿਸ਼ੇਸ਼ੱਗਯ (Specialist) ਰਹਾਂਗਾ। ਮੇਰੇ ਗੁਰੂ ਵਿਸ਼ੇਸ਼ੱਗਯ ਨਹੀਂ ਹਨ। ਉਨ੍ਹਾਂ ਦਾ ਗੀਤ ਇੱਕ ਪੰਛੀ ਦਾ ਗੀਤ ਹੈ।

ਸੋ ਤੁਸੀਂ ਜਿਨ੍ਹਾਂ ਨੂੰ ਸੁਣਦੇ ਹੋ ਉਨਾਂ ਦੇ ਗੀਤ ਵਿਉਪਾਰ ਹਨ। ਸੁਣਨ ਵਾਲਾ ਵਿਉਪਾਰਿਕ ਹੈ। ਤੁਸੀਂ ਪਰਮਾਤਮਾ ਦੇ ਗੀਤ ਤੋਂ ਬਿਲਕੁੱਲ ਦੂਰ ਹੀ ਚਲੇ ਗਏ ਹੋ। ਜਿਹੜਾ ਚਿੱਤਪਟ ਉਤੇ ਪ੍ਰੇਮ ਦਾ ਪ੍ਰਦਰਸ਼ਨ ਕਰ ਰਿਹਾ ਹੈ ਉਸ ਲਈ ਪ੍ਰੇਮ ਧੰਦਾ ਹੈ। ਉਹ ਉਸ ਪ੍ਰੇਮ ਵਿੱਚ ਜੋ ਵੀ ਕਰ ਰਿਹਾ ਹੈ ਉਹ ਅਭਿਨਯ ਹੈ। ਅਤੇ ਵੇਖਣ ਵਾਲਾ ਨਿਸ਼ਕ੍ਰਿਯ (ਬਿਨਾਂ ਕੁਝ ਕਰਨ ਤੋਂ) ਬੈਠਾ ਹੈ ਆਪਣੀ ਕੁਰਸੀ ਵਿੱਚ ਬਝਿਆ ਹੋਇਆ।

ਜੀਵਨ ਦੇ ਸਤਯ ਸਕ੍ਰਿਯੇਤਾ ਨਾਲ ਜਾਣੇ ਜਾ ਸਕਦੇ ਹਨ। ਜੀਵਨ ਦੀਆਂ ਸਚਾਈਆਂ ਵਿੱਚ ਤੁਹਾਨੂੰ ਉਤਰਨਾ ਪਵੇਗਾ। ਕੋਈ ਦੂਜਾ ਤੈਰੇਗਾ ਤਾਂ ਤੈਰਨ ਦਾ ਆਨੰਦ ਤੁਸੀਂ ਕਿਵੇਂ ਲੈ ਸਕੋਗ ? ਜ਼ਰਾ ਸੋਚੋ, ਜਦ ਵੇਖਣ ਨਾਲ ਏਨਾ ਸੁੱਖ ਮਿਲਦਾ ਹੈ, ਤਾਂ ਹੋ ਜਾਣ ਨਾਲ ਕਿੰਨਾ ਸੁੱਖ ਨਾ ਮਿਲਦਾ ਹੋਏਗਾ ! ਗਾਓ, ਨੱਚੋ, ਭੁੱਲ ਜਾਓ ਸਾਰੇ ਜਗਤ ਨੂੰ। ਉਸ ਦੀ ਯਾਦ ਹੀ ਤਾਂ ਤੁਹਾਨੂੰ ਨੱਚਣ ਨਹੀਂ ਦਿੰਦੀ ਅਤੇ ਗਾਉਂਣ ਨਹੀਂ ਦਿੰਦੀ। ਅਤੇ ਤਦ ਹੀ ਤੁਸੀਂ ਪਰਮਾਤਮਾ ਦੇ ਦਰਵਾਜ਼ੇ ਖਲੋਤੇ ਹੋ। ਨਾਨਕ ਬਹੁਤ ਮਧੁਰ ਸ਼ਬਦਾ ਵਿੱਚ ਇਹ ਗੱਲ ਕਹਿੰਦੇ ਹਨ। ਉਹ ਕਹਿੰਦੇ ਹਨ :— ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

ਉਹ ਦਰਵਾਜ਼ਾ ਕਿੱਥੇ ਹੈ ? ਉਹ ਘਰ ਕਿੱਥੇ ਹੈ ? ਜਿੱਥੇ ਬਹਿ ਕੇ ਤੂੰ ਸਭ ਦੀ ਸੰਭਾਲ ਕਰ ਰਿਹਾ ਹੈ ? ਤੇਰੇ ਘਰ ਦਾ ਦਰਵਾਜ਼ਾ ਕਿੱਥੇ ਲੱਭਾਂ ? ਜਿਸ ਦੇ ਅੰਦਰ ਲੁਕ ਕੇ ਤੂੰ ਸਭ ਨੂੰ ਸਾਂਭਿਆ ਹੈ। ਅਤੇ ਉੱਤਰ ਦਿੰਦੇ ਹਨ :—

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥

ਉਹ ਦਰਵਾਜ਼ਾ ਕਿੱਥੇ ਹੈ ਉਹ ਘਰ ਕਿੱਥੇ, ਜਿੱਥੇ ਬਹਿ ਕੇ ਤੂੰ ਸਭ ਦੀ ਸੰਭਾਲ ਕਰਦਾ ਹੈ ? ਇਹ ਸਵਾਲ ਹੈ। ਅਤੇ ਜਵਾਬ ਦਿੰਦੇ ਹਨ।

ਅਨੇਕ ਨਾਦ ਬੱਜ ਰਹੇ ਹਨ। ਅਤੇ ਕਿੰਨੇ ਅਸੰਖ ਬਜਾਉਂਣ ਵਾਲੇ ਹਨ, ਅਸੰਖ ਗਾਇਕ ਹਨ, ਅਨੰਤ ਰਾਗ ਰਾਗਨੀਆਂ ਹਨ ਪਾਣੀ ਅਤੇ ਅਗਨੀ ਅਤੇ ਹਵਾ ਜੱਸ ਗਾ ਰਹੇ ਹਨ ਅਤੇ ਧਰਮਰਾਜ ਤੇਰੇ ਦਰਵਾਜ਼ੇ ਉਤੇ ਬੈਠ ਕੇ ਗੀਤ ਗਾ ਰਿਹਾ ਹੈ। ਚਿੱਤ੍ਰ ਗੁਪਤ ਵੀ ਸਿਵ ਬ੍ਰਹਮਾਂ, ਦੇਵੀਆਂ ਸਭ ਤੇਰਾ ਗਾਣ ਕਰ ਰਹੇ ਹਨ। ਇੰਦਰਾਸਨ ਉਤੇ ਬੈਠੇ ਇੰਦਰ ਗਾਉਂਦੇ ਹਨ, ਦੇਵਤਾ ਤੇਰੇ ਦੁਆਰ ਉਤੇ ਬੈਠੇ ਗਾ ਰਹੇ ਹਨ। ਸਮਾਧੀ ਵਿੱਚ ਬੈਠ ਕੇ ਸਿੱਧ ਤੇ ਧਿਆਨ ਵਿੱਚ ਬੈਠ ਕੇ ਸਾਧੂ ਗਾਉਂਦੇ ਹਨ।"

ਨਾਨਕ ਪੁੱਛਦੇ ਹਨ, ਕਿੱਥੇ ਤੇਰਾ ਦੁਆਰ ? ਕਿੱਥੇ ਤੇਰਾ ਘਰ ? ਅਤੇ ਤੱਤ ਛਣ ਕਹਿੰਦੇ ਹਨ. ਅਨੇਕ ਨਾਦ ਬੱਜ ਰਹੇ ਹਨ, ਕਿੰਨੇ ਅਸੰਖ ਬਜਾਉਂਣ ਵਾਲੇ ਹਨ।

ਨਾਨਕ ਕਹਿ ਰਹੇ ਹਨ, ਨਾਦ ਤੇਰਾ ਦੁਆਰ ਹੈ। ਨਾਦ ਵਿੱਚ ਲੁਕਿਆ ਹੀ ਤੂੰ ਸਾਰੇ ਜਗਤ ਨੂੰ ਸਾਂਭੀ ਬੈਠਾ ਹੈ ੧ਓ ਤੇਰਾ ਦੁਆਰ। ਉਸੇ ਵਿੱਚ ਲੁਕ ਕੇ ਤੂੰ ਸਾਰੇ ਜਗਤ ਨੂੰ ਸਾਂਭਿਆ ਹੋਇਆ ਹੈ। ਅਤੇ ਜੇਕਰ ਗੀਤ ਦੀ ਇੱਕ ਕੜੀ ਵੀ ਤੁਹਾਡੀ ਪਕੜ ਵਿੱਚ ਆ ਜਾਏ, ਤਾਂ ਉਸ ਧਾਗੇ ਨੂੰ ਫੜ ਕੇ ਉਸ ਪਰਮਾਤਮਾ ਦੇ ਦੁਆਰੇ ਤੁਸੀਂ ਜਾ ਸਕੋਗੇ। ਨਾਦ ਜਦ ਤੁਹਾਡੇ ਅੰਦਰ ਵੱਜੇਗਾ, ਜਦ ਤੁਸੀਂ ਨਾਦ ਵਿੱਚ ਲੀਨ ਹੋ ਜਾਓਗੇ, ਉਸੇ ਸੜੀ ਦਰਵਾਜ਼ੇ ਦੇ ਸਾਹਮਣੇ ਆਪਣੇ ਆਪ ਨੂੰ ਪਾਓਗੇ :—

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾਂ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰਿ ਸਿਉ ਕਹੀਅਨਿ ਕੇਤੇ ਗਾਵਣ ਹਾਰੇ ।

ਕਿੰਨੇ ਰਾਗ ਕਿੰਨੀਆਂ ਰਾਗਨੀਆਂ, ਕਿੰਨੇ ਨਾਦ, ਕਿੰਨੇ ਗਾਇਕ ॥ ਇਹ ਹੀ ਤੇਰਾ ਦੁਆਰ ਹੈ । ਸਵੇਰ ਤੋਂ ਸ਼ਾਮ ਤੱਕ ਸ਼ਾਮ ਤੋਂ ਸਵੇਰੇ ਤੱਕ ਅਸੰਖ ਰਾਗ ਬੱਜ ਰਹੇ ਹਨ । ਤੁਸੀਂ ਜੀਵਨ ਵਿੱਚ ਉਨ੍ਹਾਂ ਰਾਗਾਂ ਦੀ ਪਛਾਨਣਾ ਸ਼ੁਰੂ ਕਰੋ ।

ਮਨੁੱਖ ਦਾ ਸਾਰਾ ਸੰਗੀਤ ਕੁਦਰਤ ਦੇ ਰਾਗਾਂ ਤੋਂ ਪੈਦਾ ਹਇਆ ਹੈ । ਪੰਛੀ ਗਾਉਂਦੇ ਹਨ, ਝਰਨੇ ਗਾਉਂਦੇ ਹਨ, ਹਵਾਵਾਂ ਗਾਉਂਦੀਆਂ ਹਨ. ਆਕਾਸ਼ ਵਿੱਚ ਬੱਦਲ ਗਰਜਦੇ ਹਨ, ਇਨ੍ਹਾਂ ਹੀ ਸਾਰਿਆ ਤੋਂ ਨਾਦ ਪੈਦਾ ਹੋਏ । ਮਨੁੱਖ ਦੀਆਂ ਸਾਰੀਆਂ ਰਾਗ ਰਾਗਨੀਆਂ ਪੈਦਾ ਹੋਇਆਂ । ਇਨ੍ਹਾਂ ਨਾਲ ਹੀ ਸਾਰੇ ਸਾਜ ਨਿਰਮਿਤ ਹੋਏ ।

ਅਸਤਿਤਵ ਵਿੱਚੋਂ ਰਾਗ ਨੂੰ ਪਛਾਨਣ ਦੀ ਕੋਸ਼ਿਸ਼ ਕਰੋ । ਸਵੇਰੇ ਉੱਠ ਕੇ ਪਹਿਲਾਂ ਧਿਆਨ ਚਾਰੇ ਪਾਸੇ ਹੋ ਰਹੀਆਂ ਧੁਨੀਆਂ ਉਤੇ ਪਾਉਣਾ । ਅਤੇ ਜੇਕਰ ਤੁਹਾਨੂੰ ਧੁਨੀਆਂ ਸੁਣਾਈ ਦੇਣ ਲੱਗ ਜਾਣ, ਤਾਂ ਤੁਸੀਂ ਪਾਓਗੇ ਕਿ ਉਹ ਦਿਨ ਭਰ ਤੁਹਾਨੂੰ ਸੁਣਾਈ ਪੈਂਦੀਆਂ ਰਹਿਣਗੀਆਂ । ਕਿਉਂਕਿ ਉਹ ਸਦਾ ਜਾਰੀ ਹਨ । ਸਿਰਫ਼ ਤੁਸੀਂ ਬੋਲੇ ਹੋ ।

ਰਾਤ ਦੇ ਸੰਨਾਟੇ ਵਿੱਚ ਬੈਠ ਜਾਣਾ ਤੇ ਸੁਣਨਾ ਸੰਨਾਟੇ ਨੂੰ ਸੰਨਾਟੇ ਦਾ ਨਾਦ ੧ਓ ਦੇ ਬਹੁਤ ਨੇੜੇ ਹੈ । ਇਸ ਲਈ ਜਦ ਵੀ ਤੁਹਾਡੇ ਅੰਦਰ ੧ਓ ਬਜੇਗਾ ਤਾਂ ਪਹਿਲਾਂ ਤਾ ਤੁਹਾਨੂੰ ਸੰਨਾਟੇ ਦਾ ਨਾਦ ਸੁਣਾਈ ਦੇਵੇਗਾ । ਸੰਨਾਟੇ ਦੀ ਝੰਕਾਰ ਜਿਵੇਂ ਝੀਂਗੁਰ ਬੋਲਦੇ ਹੋਣ ਅਤੇ ਰਾਤ ਬਿਲਕੁੱਲ ਚੁੱਪ ਹੋਵੇ, ਉਹੋ ਜਿਹੀ ਸਾਂ ਸ਼ਾਂ ਤੁਹਾਨੂੰ ਪੂਰੇ ਵਕਤ ਸੁਣਾਈ ਦੇਣ ਲੱਗੇਗੀ ਚੌਵੀ ਘੰਟੇ ਬਾਜ਼ਾਰ ਵਿੱਚ, ਦੁਕਾਨ ਉਤੇ ਦਫ਼ਤਰ ਵਿੱਚ ਤੁਸੀਂ ਪਾਓਗੇ ਕਿ ਉਹ ਸਾਂ-ਸ਼ਾਂ ਹੁੰਦੀ ਹੀ ਰਹਿੰਦੀ ਹੈ । ਕਿਉਂਕਿ ਉਹ ਬੱਜ ਹੀ ਰਹੀ ਹੈ । ਬਾਜ਼ਾਰ ਦੇ ਹੱਲੇ ਗੁੱਲੇ ਵਿੱਚ ਦੱਬ ਜਾਂਦੀ ਹੈ । ਬਜਣੀ ਬੰਦ ਨਹੀਂ ਹੁੰਦੀ । ਉਪਦੱਰ ਵਿੱਚ ਗੁੰਮ ਹੋ ਜਾਂਦੀ ਹੈ, ਸਮਾਪਤ ਨਹੀਂ ਹੁੰਦੀ । ਤੁਹਾਨੂੰ ਫੜਣਾ ਆ ਜਾਏ, ਤਾਂ ਉਸ ਨੂੰ ਕਦੇ ਵੀ ਪਛਾਣ ਲਓਗੇ । ਅਤੇ ਜਿਵੇਂ ਜਿਵੇ ਤੁਹਾਡੀ ਪਕੜ ਸਾਫ਼ ਹੁੰਦੀ ਜਾਏਗੀ, ਹੋਰ ਪਛਾਣ ਨਿਖਰੇਗੀ ਤਿਵੇਂ ਤਿਵੇਂ ਤੁਸੀਂ ਪਾਓਗੇ ਚੌਵੀ ਘੰਟੇ ਅਹਿਰਨਿ । (ਦਿਨ ਰਾਤ) ਉਸ ਦੇ ਦੁਆਰ ਉਤੇ ਰਾਗ ਰਾਗਨੀਆਂ ਦਾ ਮੇਲਾ ਲੱਗਿਆ ਹੋਇਆ ਹੈ ।

(੧ਓ ਸਤਿਨਾਮ ਵਿਚੋਂ)

## SALOKU

Deen Dard Dukh Bhanjanaa
Ghatti Ghatti Naath Anaath
Sara(nn)i Tum-Haare AA-I-O
Naanak Ke Prabh Saath.

सलोक ॥

दीन दरद दुख भंजना, घटि घटि नाथ अनाथ ।
सरणि तुम्हारी आइओ नानक के प्रभ साथ ॥ १ ॥

## SALOK

O Lord, healer of all aches and pains help of the helpless. I seek shelter in Thee with the blessings of Nanak.

2.1

## ASTTAPADEE

Jah Maat Pitaa Sut Meet Na Bhaa-ee
Man Oohaa Naamu Terai Sangi Sahaa-ee
Jah Mahaa Bha-iaan Doot Jam Dalai
Tah Keval Naamu Sangi Terai Chalai
Jah Muskal Hovai Ati Bhaaree
Hari Ko Naamu Khin Maahi Udhaaree
Anik Punah Charan Karat Nahee Tarai
Hari Ko Naamu Kotti Paap Par-Harai
Gurmukhi Naamu Japahu Man Mere
Naanak Paavahu Sookh Ghanere

असटपदी ॥

जह मात पिता सुत मीत न भाई, मन ऊहा नामु तेरै संगि सहाई ॥
जह महा भइआन दूत जम दलै, तह केवल नामु संगि तेरै चलै ॥
जह मुसकल होवै अति भारी, हरि को नामु खिन माहि उधारी ॥

अनिक पुनहचरन करत नहीं तरै, हरि को नामु कोटि पाप परहरै ॥
गुरमुखि नामु जपहु मन मेरे, नानक पावहु सुख घनेरे ॥ १ ॥

He who has no kin nor friend shall have the Divine Name as his helper. At his death the Divine Name shall be his companion. When beset with terrible obstacles the Divine Name shall clear the way There is no salvation in performing of penances it is in and with the Divine Name which washes away all sins. O devotee, take that Divine Name with all sincerity and you shall attain pleasures untold assures Nanak. (sut=son; Punah-charan=expiation/atonement)

2.1

Sagal Srisatti Ko Raajaa Dukhee-aa
Hari Kaa Naamu Japat Hoi Sukhee-aa
Laakh Karoree Bandh Naa Parai
Hari Kaa Naamu Japat Nistarai
Anik Maa-I-Aa Rang Tikh Na Bujhaavai
Hari Kaa Naamu Japat Aaghaavai
Jih Maaragi Ihu Jaat Ikelaa
Tah Hari Naamu Sang Hot Suhelaa
Aisaa Nanmu Man Sadaa Dhi-Aa-Ai
Naanak Gurmukhi Param Gati Paa-Ee-Ai.

सगल स्रिसटि को राजा दुखीआ, हरि का नामु जपत होइ सुखीआ ॥
लाख करोरी बंधु न परै, हरि का नामु जपत निसतरै ॥
अनिक माइआ रंग तिख न बुझावै, हरि का नामु जपत आघावै ॥
जिह मारगि इहु जात इकेला, तह हरि नामु संगि होत सुहेला ॥
ऐसा नामु मन सदा धिआईऐ, नानक गुरमुखि परम गति पाईऐ । 2 ॥

Mighty kings can be sad and gloomy, and the Divine Name alone gives comfort The Lord's Name helps to free us from the millions of bonds that beset us. Great wealth does not soften the desire for more, nor does it drown greed, but the Divine Name quenches all thirst. On the path which one travels alone (in death), only the Divine Name shall cheer you. Meditate

always on the Name so that you can obtain life everlasting, advises Nanak.

2.2

Chhoottat Nahee Kotti Lakh Baahee
Naamu Japat Tah Paari Paraahee
Anik Bighan Jah Aa-I Sanghaarai
Hari Kaa Naamu Tatkaal Udhaarai
Anik Joni Janmai Mari Jaam
Naamu Japat Paavai Bisraam
Hau Mailaa Malu Kabahu Na Dhovai
Hari Kaa Naamu Kotti Paap Khovai
Aisaa Naamu Japahu Man Rangi
Naanak Paa-Ee-Ai Saadh Kai Sangi.

छूटत नही कोटि लख बाही, नामु जपत तह पारि पराही ॥
अनिक बिघन जह आइ संघारै, हरि का नामु ततकाल उधारै ॥
अनिक जोनि जनमै मरि जाम, नामु जपत पावै बिस्राम ॥
हउ मैला मलु कबहु न धोवै, हरि का नामु कोटि पाप खोवै ॥
ऐसा नामु जपहु मन रंगि, नानक पाईऐ साध कै संगि ॥ 3 ॥

Help and support from others cannot save you but the Divine Name does. Beset with trial and tribulation the Divine name shall protect you. Mortal dies and is reborn in various forms but the Divine Name shall earn you eternal rest. The filth of the ego cannot be washed off except with the help of the Divine Name. Take that Name in humility and with all sincerity. The Name comes to you in the company of the saints advises Nanak.

2.3

Jih Maarag Ke Gane Jaahi Na Kosaa
Hari Kaa Naamu Oohaa Sangi Tosaa
Jih Pai-Ddai Mahaa Andh GuBaaraa
Hari Kaa Naamu Sangi Ujee-Aa-Raa
Jahaa Panthi Teraa Ko Na Sinnjaanoo

Hari Kaa Naamu Tah Naali Pachhaanoo
Jah Mahaa Bha-I-Aan Tapat Bahu Ghaam
Tah Hari Ke Naamu Kee Tum Oopar Chhaam
Jahaa Tirkhaa Man Tujhu Aakar-Khai
Tah Naanak Hari Hari Amrit Barkhai.

जिह मारग के गने जाहि ना कोसा, हरि का नामु ऊठां संगि तोसा ॥
जिह पैंडै महा अंध गुबारा, हरि का नामु संगि उजीआरा ॥
जहा पंथि तेरा को न सिञानू, हरि का नाम तह नालि पछानू ॥
जह महा भइआन तपति बहु घाम, तह हरि के नाम की तुम ऊपरि छाम ॥
जहा त्रिखा मन तुझु आकरखै, तह नानक हरि हरि अंम्रित बरखै ॥ 4 ॥

The road beyond is long and arduous where only the Divine Name can sustain you. The way is totally dark, the Divine Name can be your torch. You are not known on that road only the Divine Name shall recognise you.
When the whole atmosphere is terrifying. and the heat is oppressive, the Divine Name offers shelter, When tormented by great thirst, the Divine Name brings forth soothing showers of nectar, says Nanak.
(Kosaa=kos=app two miles; Trikhaa=thirst)

2.4

Bhagati Janaa Kee Bartani Naamu
Sant Janaa Kai Man Bisraam
Hari Kaa Naam Daas Kee Ott
Hari Kai Naamu Udhare Jan Kotti
Hari Jasu Karat Sant Dinu Raati
Hari Hari Aukhadhu Saadh Kamaati
Hari Jan Kai Hari Naamu Nidhaanu
Paarbrahmi Jan Keeno Daan
Man Tan Rangi Rate Rang Ekai
Naanak Jan Kai Birat Bibekai.

भगत जना की बरतनि नामु, संत जना कै मनि बिस्रामु ॥
हरि का नामु दास की ओट, हरि कै नामि उधरे जन कोटि ॥

हरि जसु करत संत दिनु राति, हरि हरि अउखधु साध कमाति ॥
हरि जन कै हरि नामु निधानु, पारब्रहमि जन कीनो दान ॥
मन तन रंगि रते रंग एकै, नानक जन कै बिरति बिबेकै ॥ 5 ॥

The Name is the indispensable need of the saints therefore it dwells in their hearts. The Name shelters His servants and saves many souls The saints are engaged in praising the Lord all day long; for them it is the cure-all. Divine Name is the treasure sought by the saints, the Lord gifts the Name to His devotees Their bodies and souls are coloured with the love of God, and Nanak says, they are able to discern the good from the evil.

2.5

Hari Kaa Naamu Jan Kau Mukati Jugati
Hari Kai Naami Jan Kau Tripati Bhugati
Hari Kaa Naamu Jan Kaa Roop Rangu
Hari Naamu Japat Kab Parai Na Bhangu
Hari Kaa Naamu Jan Kee Vaddi-Aa-ee
Hari Kai Naami Jan Sobhaa Paa-ee
Hari Kaa Naamu Jan Kau Bhog Jog
Hari Naamu Japat Kachhu Naahi Bi-Ogu
Janu Raataa Hari Naam Kee Sevaa
Naanak Poojai Hari Hari Devaa.

हरि का नामु जन कउ मुकति जुगति, हरि कै नामि जन कउ त्रिपति भुगति।
हरि का नामु जन का रूप रंगु, हरि नामु जपत कब परै न भंगु ॥
हरि का नामु जन की वडिआई, हरि कै नामि जन सोभा पाई ॥
हरि का नामु जन कउ भोग जोग, हरि नामु जपत कछु नाहि बिओगु ॥
जनु राता हरि नाम की सेवा, नानक पूजै हरि हरि देवा ॥ 6 ॥

He to whom the Divine name is salvation, whose hunger is sated by the Divine Name, he whose joys are derived from the Divine Name, that one shall suffer no troubles He who has attained honour and glory through the Divine Name and for

whom it is the total way of life, that one shall not be separated from the Divine Name. He who is engaged in the service of the Divine Name, Nanak considers him the true saint of God.

2.6

Hari Hari Jan Kai Maalu Khajeenaa
Hari Dhanu Jan Kau Aapi Prabh Deenaa
Hari Hari Jan Kai Ott Sataannee
Hari Prataapi Jan Avar Na Jaannee
Oti Poti Jan Hari Ras Raate
Sunni Samaadhi Naam Ras Maate
Aatth Pahar Janu Hari Hari Japai
Hari Kaa Bhagatu Pragatt Nahee Chhapai
Hari Kee Bhagati Mukati Bahu Kare
Naanak Jan Sangi Kete Tare.

हरि हरि जन कै मालु खजीना, हरि धनु जन कउ आपि प्रभि दीना ॥
हरि हरि जन कै ओट सताणी, हरि प्रतापि जन अवर न जाणी ॥
ओति पोति जन हरि रसि राते, सुंन समाधि नाम रस माते ॥
आठ पहर जनु हरि हरि जपै, हरि का भगतु प्रगट नहीं छपै ॥
हरि की भगति मुकति बहु करे, नानक जन संगि केते तरे ॥ 7 ॥

He who considers the Lord God to be his wealth and property, he is truly endowed with heavenly treasures., He for whom the Lord is the rock and stronghold and who neither recognises nor accepts another, the fabric of whose life is wove and dyed with God's love, he who is engrossed with the Divine Name, that devotee shall always stand out. Association with that pious personality shall save many souls just like the love of God, says Nanak.

2.7

Paarjaatu Ehu Hari Ko Naamu
Kamdhen Hari Hari Gunn Gaam
Sabh Te Ootam Hari Kee Kathaa
Naamu Sunat Darad Dukh Lathaa
Naam Kee mahimaa Sant Rid Vasai
Sant Prataapi Duratu Sabhu Nasai
Sant Kaa Sangu Vadd-Bhaagee Paa-Ee-Ai
Sant Kee Sevaa Naamu Dhi-Aa-Ai
Naam Tuli Kachhu Avaru Na Ho-I
Naanak Gurmukhi Naamu Paavai Janu Ko-I

—0—0—

पारजातु इहु हरि को नाम, कामधेन हरि हरि गुण गाम ॥
सभ ते ऊतम हरि की कथा, नामु सुनत दरद दुख लथा ॥
नाम की महिमा संत रिद वसै, संत पतापि दुरतु सभु नसै ॥
सत का संगु वडभागी पाईऐ, सत की सेवा नामु धिआईऐ ॥
नाम तुलि कछु अवरु न होइ, नानक गुरमुखि नामु पावै जनु कोइ ॥ 8 ॥

—0—0—

The Divine Name is like the ever-flowering tree and also like Kamdhenu Praise of God is the greatest sermon, just listening to the Name cures all ills, The glory of the Name is in the hearts of the saints The blessings of the saints can wash away sins. Only the fortunate ones are exposed to the saints and the Name is attained in the service of the saints, No other power equals the Name, say Nanak, only those instructed by the Guru can attain the Name.

(Paarjaat=the heavenly tree that provided fruit at all times; Kaamdhen=mythological cow that gave milk non-stop).

2.8

# The Glorious Path

*Dr. Bishan Swaroop Aggarwal Ropari*

When you consider life dull and dry
And earth parched with jealousy, lust
Go together and hymns in His praise sing
Life will not be like charcoal or dust

—0—0—0—

Journey on earth will be safe
Waheguru showers blessings in full measure
You gather rosebuds of His countless names
Perhaps that is the precious treasure

—0—0—0—

Minds tormented by hard times
Must not bow to Wordly whim
Kings or queens are a passing show
Kirtan's bounties don't go dim

—0—0—0—

Merge in His name day and night
Soul and her Maker are one
His grace dawns on the lowly
The gracious path never shun

## ਅੰਮ੍ਰਿਤ ਕੀਰਤਨ ਲਈ ਮਾਸਿਕ ਸਹਾਇਤਾ ਭੇਜਣ ਵਾਲੇ ਸੁਹਿਰਦ ਤੇ ਸੂਝਵਾਨ ਸੱਜਣ

| | |
|---|---|
| — ਸ. ਹਰੀ ਸਿੰਘ 307/35-ਏ ਚੰਡੀਗੜ੍ਹ | 50/- |
| — ਸ. ਜਗਸੀਰ ਸਿੰਘ VPO ਪਖੋਕੇ ਤਹਿ. ਬਰਨਾਲਾ | 50/- |
| — ਸ. ਕੁਲਦੀਪ ਸਿੰਘ VPO ਛੱਤ ਜ਼ਿਲਾ ਪਟਿਆਲਾ | 50/- |
| — ਗਿ. ਹਰਚਰਨ ਸਿੰਘ ਬਟ 571/ਸ਼ਿਵਨਗਰ ਨਵੀਂ ਦਿੱਲੀ | 50/- |
| — ਪ੍ਰਿੰਸੀਪਲ ਸੰਗੀਤ ਸਿਖਿਆ ਕੇਂਦਰ ਉੜਮੁੜ (ਹੁਸ਼ਿਆਰਪੁਰ) | 50/- |
| — ਭਾਈ ਸੋਹਣ ਸਿੰਘ ਨਿਵਾਣਾ ਗੁਰਦੁਆਰਾ ਗਨੇਸ਼ ਪੇਠ ਪੂਨਾ | 50/- |
| — ਸ ਇੰਦਰਜੀਤ ਮਨੇਸਰ, ਸ.ਫਲੂਟ, ਸ਼ਾਤਾ ਕਰੂਜ (ਵੇਸਟ) ਬੰਬਈ | 500/- |
| — ਸ. ਅਵਤਾਰ ਸਿੰਘ 4A-104 ਪਾਰਸ ਨਗਰ ਬੰਬਈ | 50/- |
| — ਸ. ਮਹਿੰਦਰ ਸਿੰਘ ਪੁਆਰ ਨਿਊਜਰਸੀ ਅਮਰੀਕਾ | 3200/- |
| — ਭਾਈ ਬਖਸ਼ੀਸ਼ ਸਿੰਘ ਬੰਦ F-17 ਮੋਤੀ ਨਗਰ ਨਵੀਂ ਦਿੱਲੀ | 50/- |
| — ਸ. ਸਤਨਾਮ ਸਿੰਘ ਸਪੁੱਤਰ ਰਤਨ ਸਿੰਘ VPO ਡਰੋਲੀ ਭਾਈ (ਫਰੀਦਕੋਟ) | 50/- |
| — ਡਾ. ਐਮ. ਪੀ. ਸਿੰਘ, ਗੁਮਟੀ ਪਲਾਜਾ ਕਾਨਪੁਰ | 50/- |
| — ਆਰ.ਐਸ ਜਾਲਨ 59 ਲਕਸ਼ਮੀ ਨਗਰ ਜਲੰਧਰ ਸ਼ਹਿਰ | 50/- |
| — ਬਬਲੀ. ਐਸ. ਸਿੰਘ, ਮਾਡਲ ਗਰਾਮ ਲੁਧਿਆਣਾ | 50/- |
| — ਗੁਰਕਿਰਪਾ ਸੇਵਾ ਸੁਸਾਇਟੀ ਲੁਧਿਆਣਾ | 200/- |
| — ਡਾ. ਜੇ ਐਸ. ਸੇਠੀ 431-C ਮਾਡਲ ਟਾਊਨ ਜਲੰਧਰ | 50/- |
| — ਸ. ਤ੍ਰਿਪਤ ਸਿੰਘ ਭਾਟੀਆ 96 ਗੁਜਰਾਲ ਨਗਰ ਜਲੰਧਰ | 50/- |
| — ਸ. ਨਰਿੰਦਰ ਸਿੰਘ 58 ਨਿਊ ਮਾਡਲ ਟਾਊਨ ਜਲੰਧਰ | 50/- |
| — ਪੀ. ਐਸ. ਮਾਹਲ ਨਵੀਂ ਦਿੱਲੀ | 200/- |
| — ਕੁਲਵੰਤ ਕੌਰ ਨਈ ਅਬਾਦੀ ਅਨੰਦਪੁਰ ਸਾਹਿਬ | 50/- |
| — ਗੁਰਮਤ ਵਿਦਿਆਲਾ ਲਾਇਬਰੇਰੀ ਧਨਬਾਧ | 200/- |
| — ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਕਾਦੀਆ | 50/- |
| — ਹਰਵਿੰਦਰ ਕੌਰ 244 ਫੇਜ਼ 3-ਬੀ1 ਮੁਹਾਲੀ | 50/- |
| — ਨਿਤਾਸਾ ਕੋਹਲੀ 3015 ਸੈਕਟਰ 44-ਡੀ ਚੰਡੀਗੜ੍ਹ | 50/- |
| — ਸ. ਗਿਆਨ ਸਿੰਘ V. ਗੋਬਿੰਦ ਪੁਰਾ PO ਓਟੂ (ਸਰਸਾ) | 100/- |
| — ਸ. ਸਿੰਗਾਰ ਸਿੰਘ ਈ ਟੀ.ਓ. ਚੰਡੀਗੜ੍ਹ | 500/- |
| — ਸਿੱਖ ਸੇਵਕ ਜੱਥਾ C/o ਸੂ ਇੰਪੋਰੀਅਮ ਗੁਹਾਟੀ | 200/- |
| — ਸੂਰੀ ਪਰਿਵਾਰ | 1000/- |
| — ਸ. ਮਨਮੋਹਨ ਸਿੰਘ, ਭੁਪਿੰਦਰ ਨਗਰ ਰੋਡ ਪਟਿਆਲਾ | 50/- |

— ਸ. ਹਰਿੰਦਰ ਸਿੰਘ ਭੁਪਿੰਦਰ ਨਗਰ ਰੋਡ ਪਟਿਆਲਾ 50/-
— ਸ. ਹਰਪ੍ਰੀਤ ਸਿੰਘ ਪਟਿਆਲਾ 50/-
— ਸ ਮਨਿੰਦਰ ਸਿੰਘ ਪਟਿਆਲਾ 50/-
— ਲਖਿੰਦਰ ਸਿੰਘ ਸੋਢੀ ਸਰਹੰਦੀ ਗੇਟ ਪਟਿਆਲਾ 50/-
— ਸ. ਸੁਖਦੇਵ ਸਿੰਘ ਡਿਪਟੀ ਸੈਕਟਰੀ (ਰਿ.) ਮਾਡਲ ਟਾਊਨ ਪਟਿਆਲਾ 50/-
— ਸ. ਹਰਪ੍ਰੀਤ ਸਿੰਘ C-509 ਸਰੋਜਨੀ ਨਗਰ ਨਵੀਂ ਦਿੱਲੀ 50/-
— ਸ. ਗੁਰਨਾਮ ਸਿੰਘ ਟਿਊਬੈਲ ਇੰਜੀਨੀਅਰ ਡੇਰਾ ਬਸੀ 100/-
— ਪ੍ਰਿੰਸੀਪਲ ਗੁਰੂ ਤੇਗਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ 50/-
— ਸ: ਸਤਨਾਮ ਸਿੰਘ 83 ਪ੍ਰਤਾਪ ਨਗਰ ਸੰਗਰੂਰ 50/-
— ਰਵਿੰਦਰਪਾਲ ਸਿੰਘ ਮੁਹੱਲਾ ਗੁਰੂ ਨਾਨਕ ਪੁਰਾ ਨਕੋਦਰ (ਜਲੰਧਰ) 50(-
— ਡਾ. ਸੰਤੋਖ ਸਿੰਘ ਅਨੰਦ 501/10 ਚੰਡੀਗੜ੍ਹ 50/-
— ਮਿਸ ਸੁਰਜੀਤਕਲ੍ਹਾ 164/8A ਚੰਡੀਗੜ੍ਹ 500/-
— ਨਰਾਇਣ ਸਿੰਘ ਪਿੰਡ ਕੁਰਾਲ ਜ਼ਿਲਾ ਹੁਸ਼ਿਆਰਪੁਰ 51/-
— ਸੁਰਜੀਤ ਸਿੰਘ ਇੰਚਾਰਜ ਮਾਤਾ ਖੀਵੀ ਸੰਗੀਤ ਵਿਦਿਆਲਾ
ਖਡੂਰ ਸਾਹਿਬ 100/-
— ਸ. ਪਰਦੁਮਨ ਸਿੰਘ ਨਿਊ ਪ੍ਰੇਮ ਨਗਰ ਸਿਵਲ ਲਾਈਨਜ਼ 50/-
— ਪ੍ਰਿੰਸੀਪਲ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਕਾਲਜ ਰਈਆ
(ਅੰਮ੍ਰਿਤਸਰ) 50/-
— ਸ. ਸੁਖਬੀਰ ਸਿੰਘ VPO ਨੌਰਾ (ਬੰਗਾ) ਜਲੰਧਰ 50/-
— ਬੀਬੀ ਅੰਮ੍ਰਿਤਪਾਲ ਕੌਰ ਪਤਨੀ ਸ ਕਰਮਜੀਤ ਸਿੰਘ JE (ਬੰਗਾ) 50/-
— ਐਚ. ਐਸ. ਬੇਦੀ ਟੈਗੋਰ ਨਗਰ ਲੁਧਿਆਣਾ 100/-
— ਭਾਈ ਨਿਰਮਲ ਸਿੰਘ ਖਾਲਸਾ ਹਜ਼ੂਰੀ ਰਾਗੀ ਦਰਬਾਰ ਸਾਹਿਬ
ਅੰਮ੍ਰਿਤਸਰ 50/-
— ਬੀਬੀ ਇੰਦਰਜੀਤ ਕੌਰ ਡੇਰਾ ਸੰਤ ਡਮੇਲੀਆਲੇ ਅਨੰਦਪੁਰ ਸਾਹਿਬ 100/-
— ਮਿਸ ਅਵਤਾਰਜੀਤ ਕੌਰ ਸ਼ਾਹਬਾਦ ਮਾਰਕੰਡਾ 50/-
— ਮੈਨੇਜਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ 100/-
— ਸ. ਜੀ. ਬੀ ਸਿੰਘ 262/10A ਚੰਡੀਗੜ੍ਹ 50/-
— ਸ. ਹਰਦਿਆਲ ਸਿੰਘ PcS (Retd.) 91/18A ਚੰਡੀਗੜ੍ਹ 50/-
— ਮਿਸਜ਼ ਹ. ਕਾਹਲੋਂ 1028/36 ਚੰਡੀਗੜ੍ਹ 100/-
— ਗੁਰਚਰਨ ਕੌਰ ਗਿੱਲ 289 ਫੇਜ਼ 4 ਮੁਹਾਲੀ 100/-
— ਬ੍ਰਿਗੇਡੀਅਰ ਗੁਰਬਿੰਦਰ ਸਿੰਘ 154/27A ਚੰਡੀਗੜ੍ਹ 200/-
— ਟੀ. ਨਰਿੰਦਰਪਾਲ ਸਿੰਘ ਵਿਕਾਸਪੁਰੀ ਨਵੀਂ ਦਿੱਲੀ 100/-
— ਸ ਕਰਤਾਰ ਸਿੰਘ ਗਰੀਬ ਗੁਰੂ ਗੋਬਿੰਦ ਸਿੰਘ ਸੇਵਕ ਜੱਥਾ
ਲੁਧਿਆਣਾ 50/-
— ਸ. ਬੀ. ਐਸ: ਰਾਠੌਰ CISF Unit RTC 51/-

# MATTA ELECTRONICS

**Wholesale Dealers**

Pre-Recorded Audio/Video Kirtan Cassettes, Amrit Kirtan Trust, AMV, HMV, MVI, Periton, Amrit Ras, T. Series and Sarab Sanjhi Gurbani

Specialists : Shabad Gurbani & Punjabi Folk Songs

Shop. No. IA, Ist Floor, S.C.O. 1010-11, Sec. 22-B, Chandigarh

---

Off. : 531154
Resi. : 530530

# Vishal Property Promoters

Quiet Office 4, Sector 35, Chandigarh

For Purchase of beautiful Bunglows, Farm Houses & Industrial Units

Contact Prof. GURCHARN SINGH

---

Ph. PP : 62044

ਡਾ. ਜਾਗੀਰ ਸਿੰਘ ਦੇ ਗਾਇਨ ਕੀਤੇ ਕੀਰਤਨ ਦੀਆਂ ਕੇਸਟ-ਟੇਪਾਂ ਲਈ ਦਰਸ਼ਨ ਦਿਓ।

# *Sound & Vision Centre*

Authorised Dealers of : Audio, Video Pre-Recorded Cassettes; Tape-Recorders & Other Electronic goods.

S.C.O. 116, Sector 17-C, (Near Canara Bank) Chandigarh

# ਸਨ ਸ਼ਾਇਨ ਸਟੋਰ

ਪ੍ਰਤਾਪ ਬਾਜ਼ਾਰ ਰੋਪੜ

ਡਾ. ਜਾਗੀਰ ਸਿੰਘ ਜੀ ਦੇ ਕੀਰਤਨ ਅਤੇ ਹੋਰ ਧਾਰਮਿਕ ਟੇਪਾਂ ਵਾਸਤੇ ਦਰਸ਼ਨ ਦਿਉ।

ਗੁਰਮਤਿ ਅਨੁਕੂਲ, ਗੁਰਬਾਣੀ ਅਧਾਰਿਤ

- ਗੁਰਪੁਰਬ ਅਤੇ ਨਵੇਂ ਸਾਲ ਆਦਿਕ ਮੌਕਿਆਂ ਲਈ ਸੁੰਦਰ ਵਧਾਈ ਕਾਰਡ
- ਆਕਰਸ਼ਕ ਕੈਲੈਂਡਰ ਅਤੇ ਦੀਵਾਰ ਲਟਕਣ (ਵਾਲ ਹੈਂਗਿੰਗ)
- ਦਿਲ ਖਿਚਵੇਂ ਫੋਟੋ ਪੋਸਟਰ ਮਾਊਂਟ ਬੋਰਡ ਉੱਪਰ ਲੈਮੀਨੇਟ ਕੀਤੇ

**ਡੀ-ਕਰਾਫ਼ਟ**

**ਗੁਰਮਤਿ ਵੀਜ਼ੂਅਲਜ਼**

ਐਸ. ਸੀ. ਐਫ. 6, ਸੈਕਟਰ 27-ਸੀ, ਚੰਡੀਗੜ੍ਹ

ਇਕੱਠੇ ਲੈਣ ਤੇ ਨਾਮ ਪ੍ਰਿੰਟ ਕਰਣ ਦੀ ਸਹੂਲਤ ਅਤੇ ਵਿਸ਼ੇਸ਼ ਰਿਆਇਤ

---

GURSIKH SANJOG

ENGLISH PUNJABI FORTNIGHTLY

POPULAR FOR

SIKH MATRIMONIALS

CONTACT:

YOUNG SIKH CULTURAL ASSOCIATION

GURU NANAK LIBRARY

GURDWARA AKALI BABA PHOOLA SINGH

RAJINDER NAGAR, NEW DELHI-60

---

ਪੜ੍ਹੋ

**ਸੱਚ ਖੰਡ ਪੱਤਰ**

ਸ਼੍ਰੀ ਹਜ਼ੂਰ ਸਾਹਿਬ

ਨਦੇੜ (ਮਹਾਂਰਾਸ਼ਟਰ)

ਅਮ੍ਰਿਤ ਵਰਖਾ
AMRIT VARKHA
PRESENTS
SHABAD GURBANI

ਬਾਬੀਹਾ ਅਮ੍ਰਿਤ ਵੇਲੈ ਬੋਲਿਆ

ਡਾ. ਜਗੀਰ ਸਿੰਘ ਜੀ
(ਚੰਡੀਗੜ ਵਾਲੇ)

AD-PRINT

FOR TRADE ENQUIRIES
CONTACT : MONGA VIDEOS
7/1 WEST PATEL NAGAR, NEW DELHI-8
PHONE : 5730026

AMRIT KIRTAN
NOVEMBER 1992.

Regd. No. Pb/CH-155
R.N.I. No. 46788/89

# ਵਿਸਮਾਦ ਨਾਦ

ਦਾ

ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ

ਭਾਈ ਅਮਰੀਕ ਸਿੰਘ ਜ਼ਖਮੀ

ਭਾਈ ਬਲਬੀਰ ਸਿੰਘ

ਅਤੇ

ਡਾਕਟਰ ਗੁਰਨਾਮ ਸਿੰਘ

ਨੂੰ

ਸਨਮਾਨਿਤ ਕਰਨ ਲਈ

**ਅੰਮ੍ਰਿਤ ਕੀਰਤਨ ਟ੍ਰਸਟ**

ਵਲੋਂ

ਬਹੁਤ ਬਹੁਤ ਧੰਨਵਾਦ

ਡਾ. ਜਾਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟਰੱਸਟ ਨੇ ਸਾਹਿਬਜ਼ਾਦਾ ਪ੍ਰਿੰਟਰਜ਼ 254, ਫੇਜ਼ 2, ਮੁਹਾਲੀ ਤੋਂ ਛਪਵਾ ਕੇ 422 ਸੈਕਟਰ 15-ਏ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।